ਵੀਰਵਾਰ, 30 ਮਾਰਚ, 2023
17 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 298

ਨਵਾਂ ਜ਼ਮਾਨਾ

DAILY NAWAN ZAMANA • THURSDAY, 30 MARCH, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਜਲੰਧਰ ਦਿਹਾਤੀ ਦਾ ਐੱਸ ਐੱਸ ਪੀ ਬਦਲਿਆ

ਮੁਖਵਿੰਦਰ ਸਿੰਘ ਸਵਰਨਦੀਪ ਸਿੰਘ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਵਿਰੁੱਧ ਕਾਰਵਾਈ ਤੇਜ਼ ਕਰਨ ਲਈ ਜਲੰਧਰ ਦਿਹਾਤੀ ਦੇ ਐੱਸ ਐੱਸ ਪੀ ਸਮੇਤ ਜ਼ਿਲ੍ਹੇ ਦੇ ਹੋਰ ਉੱਚ ਪੁਲਸ ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਹੈ। ਸਵਰਨਦੀਪ ਸਿੰਘ ਦੀ ਥਾਂ ਮੁਖਵਿੰਦਰ ਸਿੰਘ ਨੂੰ ਐੱਸ ਐੱਸ ਪੀ ਲਾਇਆ ਹੈ। ਨੌਂ ਵਿੱਚੋਂ ਛੇ ਪੁਲਸ ਅਧਿਕਾਰੀਆਂ ਨੂੰ ਜਲੰਧਰ ਤੋਂ ਬਾਹਰ ਤਬਦੀਲ ਕਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਜਲੰਧਰ ਦਿਹਾਤੀ ਇਲਾਕੇ 'ਚੋਂ ਹੀ ਅੰਮ੍ਰਿਤਪਾਲ ਸਿੰਘ ਫਰਾਰ ਹੋਇਆ ਸੀ।

ਮੁਹੰਮਦ ਫੈਜ਼ਲ ਦੀ ਲੋਕ ਸਭਾ ਮੈਂਬਰੀ ਬਹਾਲ

ਨਵੀਂ ਦਿੱਲੀ : ਲੋਕ ਸਭਾ ਸਕੱਤਰੇਤ ਨੇ ਬੁੱਧਵਾਰ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਨੇਤਾ ਮੁਹੰਮਦ ਫੈਜ਼ਲ ਦੀ ਮੈਂਬਰਸ਼ਿਪ ਬਹਾਲ ਕਰ ਦਿੱਤੀ। ਫੈਜ਼ਲ ਨੂੰ ਅਪਰਾਧਿਕ ਮਾਮਲੇ 'ਚ 10 ਸਾਲ ਦੀ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਜਨਵਰੀ 'ਚ ਮੈਂਬਰਸ਼ਿਪ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ। ਲਕਸ਼ਦੀਪ ਲੋਕ ਸਭਾ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਫੈਜ਼ਲ ਨੇ ਸੈਸ਼ਨ ਕੋਰਟ ਦੇ ਹੁਕਮਾਂ ਵਿਰੁੱਧ ਕੇਰਲਾ ਹਾਈ ਕੋਰਟ ਦਾ ਰੁਖ ਕੀਤਾ ਸੀ, ਜਿਸ ਨੇ ਉਨ੍ਹਾ ਨੂੰ ਦੋਸ਼ੀ ਠਹਿਰਾਏ ਜਾਣ ਅਤੇ ਸਜ਼ਾ ਦੇ ਫੈਸਲੇ ਨੂੰ ਮੁਅੱਤਲ ਕਰ ਦਿੱਤਾ ਸੀ। ਲੋਕ ਸਭਾ ਸਕੱਤਰੇਤ ਦੇ ਨੋਟੀਫਿਕੇਸ਼ਨ ਅਨੁਸਾਰ ਕੇਰਲਾ ਹਾਈ ਕੋਰਟ ਦੇ 25 ਜਨਵਰੀ 2023 ਦੇ ਹੁਕਮਾਂ ਦੇ ਮੱਦੇਨਜ਼ਰ ਮੁਹੰਮਦ ਫੈਜ਼ਲ ਦੀ ਮੈਂਬਰਸ਼ਿਪ ਤੋਂ ਅਯੋਗਤਾ ਦੇ ਫੈਸਲੇ ਨੂੰ ਖਤਮ ਕਰ ਦਿੱਤਾ ਗਿਆ ਹੈ। ਫੈਜ਼ਲ ਦੀ ਮੈਂਬਰਸ਼ਿਪ ਬਹਾਲ ਕਰਨ ਦਾ ਫੈਸਲਾ ਇਸ ਮਾਮਲੇ 'ਚ ਸੁਪਰੀਮ ਕੋਰਟ 'ਚ ਸੁਣਵਾਈ ਤੋਂ ਪਹਿਲਾਂ ਆਇਆ ਹੈ।

ਸਿਆਸਤਦਾਨ ਧਰਮ ਨੂੰ ਵਰਤਣਾ ਛੱਡ ਦੇਣ ਤਾਂ ਨਫਰਤੀ ਤਕਰੀਰਾਂ ਆਪੇ ਬੰਦ ਹੋ ਜਾਣੀਆਂ : ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਬੁੱਧਵਾਰ ਕਿਹਾ ਕਿ ਜਦੋਂ ਸਿਆਸਤਦਾਨ ਧਰਮ ਨੂੰ ਵਰਤਣਾ ਛੱਡ ਦੇਣਗੇ, ਗਰਮਖਿਆਲੀ ਅਨਸਰ ਨਫਰਤੀ ਤਕਰੀਰਾਂ ਕਰਨੋਂ ਹਟ ਜਾਣਗੇ। ਨਫਰਤੀ ਤਕਰੀਰਾਂ ਕਰਨ ਵਾਲਿਆਂ ਖਿਲਾਫ ਐੱਫ ਆਈ ਆਰ ਦਰਜ ਨਾ ਕਰਨ 'ਤੇ ਵੱਖ-ਵੱਖ ਸੂਬਾਈ ਅਥਾਰਟੀਆਂ ਖਿਲਾਫ ਸ਼ਾਹੀਨ ਅਬਦੁੱਲਾ ਵੱਲੋਂ ਦਾਇਰ ਮਾਣਹਾਨੀ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ।

ਜਸਟਿਸ ਕੇ ਐੱਮ ਜੋਸੇਫ ਤੇ ਜਸਟਿਸ ਬੀ ਵੀ ਨਾਗਰਤਨਾ ਉੱਤੇ ਅਧਾਰਤ ਬੈਂਚ ਨੇ ਕਿਹਾ—ਜਦੋਂ ਸਿਆਸਤ ਤੇ ਧਰਮ ਵੱਖ-ਵੱਖ ਹੋ ਗਏ, ਇਹ ਖਤਮ ਹੋ ਜਾਵੇਗਾ। ਜਦੋਂ ਸਿਆਸਤਦਾਨ ਧਰਮ ਨੂੰ ਵਰਤਣਾ ਬੰਦ ਕਰ ਦੇਣਗੇ, ਇਹ ਸਭ ਆਪੇ ਬੰਦ ਹੋ ਜਾਵੇਗਾ। ਆਏ ਦਿਨ ਗਰਮਖਿਆਲ ਅਨਸਰ ਟੀ ਵੀ ਬਹਿਸਾਂ ਤੇ ਜਨਤਕ ਮੰਚਾਂ ਤੋਂ ਦੂਜਿਆਂ ਖਿਲਾਫ ਜ਼ਹਿਰ ਉਗਲ ਰਹੇ ਹਨ। ਭਾਰਤ ਦੇ ਲੋਕ ਇਹ ਪ੍ਰਣ ਕਿਉਂ ਨਹੀਂ ਕਰਦੇ ਕਿ ਦੂਜੇ ਨਾਗਰਿਕਾਂ ਜਾਂ ਭਾਈਚਾਰਿਆਂ ਖਿਲਾਫ ਨਫਰਤੀ ਗੱਲ ਨਹੀਂ ਕਰਨੀ।

ਬੈਂਚ ਨੇ ਸਾਬਕਾ ਪ੍ਰਧਾਨ ਮੰਤਰੀਆਂ ਜਵਾਹਰ ਲਾਲ ਨਹਿਰੂ ਤੇ ਅਟਲ ਬਿਹਾਰੀ ਵਾਜਪਾਈ ਦੀਆਂ ਤਕਰੀਰਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਸੁਣਨ ਲਈ ਲੋਕ ਦੂਰ-ਦੁਰਾਡੇ ਤੋਂ ਪੁੱਜਦੇ ਸਨ। ਹੁਣ ਹਰ ਪਾਸੇ ਦੇ ਗਰਮਖਿਆਲ ਅਨਸਰ ਬਿਆਨ ਦਾਗ ਰਹੇ ਹਨ। ਜਸਟਿਸ ਜੋਸੇਫ ਨੇ ਅੱਗੇ ਕਿਹਾ ਕਿ ਅਜਿਹੇ ਅਨਸਰ ਦੂਜਿਆਂ ਦੀ ਸ਼ਾਨ ਨੂੰ ਨੁਕਸਾਨ ਪਹੁੰਚਾਉਣ ਲਈ ਬਿਆਨ ਦਾਗਦੇ ਹਨ। 'ਪਾਕਿਸਤਾਨ ਚਲੇ ਜਾਓ' ਵਰਗੇ ਬਿਆਨ ਦਾਗ ਕੇ ਇਹ ਦੂਜਿਆਂ ਦੇ ਵਕਾਰ ਨੂੰ ਸੱਟ ਮਾਰ ਰਹੇ ਹਨ। ਉਨ੍ਹਾਂ ਇਸ ਦੇਸ਼ ਨੂੰ ਰਹਿਣ ਲਈ ਚੁਣਿਆ। ਉਹ ਤੁਹਾਡੇ ਭੈਣਾਂ-ਭਰਾਵਾਂ ਵਰਗੇ ਹਨ। ਆਪਣੀ ਸਕੂਲ ਦੀ ਸਹੁੰ ਨੂੰ ਚੇਤੇ ਕਰੋ। ਅਸੀਂ ਪੀੜ੍ਹੀਆਂ ਤੋਂ ਇਕੱਠੇ ਹਾਂ। ਅਜਿਹਾ ਏਨੀ ਹੇਠਲੀ ਪੱਧਰ ਤੱਕ ਨਹੀਂ ਜਾਣ ਦਿੱਤਾ ਜਾਣਾ ਚਾਹੀਦਾ।

ਮਾਮਲੇ 'ਤੇ ਅਗਲੀ ਸੁਣਵਾਈ 28 ਅਪ੍ਰੈਲ

● ਬਾਕੀ ਸਫ਼ਾ 2 'ਤੇ

ਕਰਨਾਟਕ ਚੋਣਾਂ 10 ਮਈ ਨੂੰ, ਰਾਹੁਲ ਦੀ ਸੀਟ 'ਤੇ ਫੈਸਲਾ ਬਾਅਦ 'ਚ

ਜਲੰਧਰ ਲੋਕ ਸਭਾ ਤੇ ਚਾਰ ਅਸੰਬਲੀ ਸੀਟਾਂ ਦੀਆਂ ਜ਼ਿਮਨੀ ਚੋਣਾਂ ਦਾ ਵੀ ਐਲਾਨ

ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਬੁੱਧਵਾਰ ਐਲਾਨਿਆ ਕਿ 224 ਮੈਂਬਰੀ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ 10 ਮਈ ਨੂੰ ਇੱਕੋ ਗੇੜ 'ਚ ਹੋਣਗੀਆਂ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਨਤੀਜੇ 13 ਮਈ ਨੂੰ ਆਉਣਗੇ। ਕਮਿਸ਼ਨ ਮੁਤਾਬਕ ਸੂਬੇ 'ਚ 5.22 ਕਰੋੜ ਵੋਟਰ ਹਨ।

ਚੋਣ ਕਮਿਸ਼ਨ ਨੇ ਚਾਰ ਰਾਜਾਂ ਦੀਆਂ ਪੰਜ ਵਿਧਾਨ ਸਭਾ ਸੀਟਾਂ ਤੇ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵੀ 10 ਮਈ ਨੂੰ ਕਰਾਉਣ ਦਾ ਐਲਾਨ ਕੀਤਾ। ਰਾਹੁਲ ਗਾਂਧੀ ਦੀ ਵਾਇਨਾਡ ਲੋਕ ਸਭਾ ਸੀਟ ਦੀ ਚੋਣ ਦਾ ਐਲਾਨ ਨਹੀਂ ਕੀਤਾ ਗਿਆ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਖਾਲੀ ਸੀਟ ਦੀ ਚੋਣ ਕਰਾਉਣ ਲਈ 6 ਮਹੀਨੇ ਹੁੰਦੇ ਹਨ। ਟਰਾਇਲ ਕੋਰਟ ਨੇ ਰਾਹੁਲ ਨੂੰ ਉਤਲੀ ਅਦਾਲਤ 'ਚ ਅਪੀਲ ਕਰਨ ਲਈ 30 ਦਿਨ ਦਿੱਤੇ ਹਨ। ਇਸ ਕਰਕੇ ਉਹ ਅਜੇ ਉਡੀਕ ਕਰਨਗੇ।

ਕਰਨਾਟਕ ਵਿਧਾਨ ਸਭਾ ਦੀ ਮਿਆਦ 24 ਮਈ ਨੂੰ ਖਤਮ ਹੋਣੀ ਹੈ। ਇਸ ਵਾਰ ਉਥੇ ਮੁਕਾਬਲਾ ਭਾਜਪਾ, ਕਾਂਗਰਸ ਤੇ ਜਨਤਾ ਦਲ (ਸੈਕੂਲਰ) ਵਿਚਾਲੇ ਹੈ। ਪਿਛਲੀ ਵਾਰ ਕਾਂਗਰਸ ਤੇ ਜਨਤਾ ਦਲ (ਸੈਕੂਲਰ) ਗੱਠਜੋੜ ਕਰਕੇ ਲੜੇ ਸਨ।

ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਸਿੱਧਾਰਮਈਆ ਨੇ ਕਿਹਾ ਕਿ ਇਹ ਚੋਣ ਉਨ੍ਹਾ ਦੀ ਆਖਰੀ ਚੋਣ ਹੋਵੇਗੀ। ਉਹ ਵਰੁਣਾ ਸੀਟ ਤੋਂ ਇਲਾਵਾ ਕੋਲਾਰ ਸੀਟ ਤੋਂ ਵੀ ਲੜਨਗੇ।

ਕਾਂਗਰਸ ਦੇ ਜਲੰਧਰ ਤੋਂ ਮੈਂਬਰ ਸੰਤੋਖ ਸਿੰਘ ਚੌਧਰੀ (76) ਦੀ 14 ਜਨਵਰੀ ਨੂੰ ਮੌਤ ਕਾਰਨ ਸੀਟ ਖਾਲੀ ਹੋ ਗਈ ਸੀ। ਚੋਣ ਕਮਿਸ਼ਨ ਨੇ ਇਸ ਸੀਟ ਤੋਂ ਇਲਾਵਾ ਓਡੀਸ਼ਾ ਦੀ ਝਾਰਸੂਗੁੜਾ, ਯੂ ਪੀ ਦੇ ਛਾਨਬੇ ਤੇ ਸਵਾਰ ਅਤੇ ਮੇਘਾਲਿਆ ਦੀ ਸੋਹੀਯੋਂਗ ਵਿਧਾਨ ਸਭਾ ਸੀਟਾਂ 'ਤੇ ਵੀ 10 ਮਈ ਨੂੰ ਜ਼ਿਮਨੀ ਚੋਣ ਕਰਾਉਣ ਦਾ ਐਲਾਨ ਕੀਤਾ ਹੈ।

ਕਰਨਾਟਕ 'ਚ ਕਾਂਗਰਸ ਸਰਕਾਰ ਬਣਨ ਦੇ ਆਸਾਰ

ਨਵੀਂ ਦਿੱਲੀ : ਕਰਨਾਟਕ 'ਚ ਕਾਂਗਰਸ ਸਰਕਾਰ ਬਣਨ ਦਾ ਅਨੁਮਾਨ ਸਰਵੇ 'ਚ ਲਗਾਇਆ ਜਾ ਰਿਹਾ ਹੈ। ਏ ਬੀ ਪੀ-ਸੀ ਵੋਟਰ ਸਰਵੇ ਮੁਤਾਕਿ ਕਾਂਗਰਸ ਨੂੰ ਸੂਬੇ 'ਚ 115-127 ਸੀਟਾਂ ਮਿਲਣ ਦਾ ਅਨੁਮਾਨ ਹੈ। ਉਥੇ ਹੀ ਭਾਜਪਾ ਨੂੰ 68-80 ਸੀਟਾਂ, ਜੇ ਡੀ ਐੱਸ ਨੂੰ 23-35 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ। ਕਰਨਾਟਕ 'ਚ ਕਿਹੜੀ ਪਾਰਟੀ ਜਿੱਤ ਸਕਦੀ ਹੈ? ਦੇ ਸਵਾਲ ਦੇ ਜਵਾਬ 'ਚ ਸਭ ਤੋਂ ਜ਼ਿਆਦਾ ਕਾਂਗਰਸ ਦਾ ਨਾਂਅ ਲਿਆ ਗਿਆ। ਕਾਂਗਰਸ ਨੂੰ 39 ਫੀਸਦੀ, ਭਾਜਪਾ ਨੂੰ 34 ਫੀਸਦੀ, ਜੇ ਡੀ ਐੱਸ ਨੂੰ 17 ਫੀਸਦੀ ਤੇ ਬਾਕੀਆਂ ਨੂੰ 10 ਫੀਸਦੀ ਲੋਕਾਂ ਨੇ ਵੋਟ ਦਿੱਤਾ।

ਜ਼ਿਕਰਯੋਗ ਹੈ ਕਿ ਕਰਨਾਟਕ 'ਚ ਪਿਛਲੇ 38 ਸਾਲਾਂ 'ਚ ਕੋਈ ਵੀ ਪਾਰਟੀ ਦੋਬਾਰਾ ਸੱਤਾ 'ਤੇ ਵਾਪਸੀ ਨਹੀਂ ਕਰ ਸਕੀ।

ਅੰਮ੍ਰਿਤਪਾਲ ਵੱਲੋਂ ਪੰਜਾਬ ਦੇ ਕਿਸੇ ਤਖਤ ਤੋਂ ਸਰੰਡਰ ਦੀ ਤਿਆਰੀ

ਚੰਡੀਗੜ੍ਹ : 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਖੁਦਸਾਖਤਾ ਚੀਫ ਅੰਮ੍ਰਿਤਪਾਲ ਸਿੰਘ ਨੇ ਆਪਣੀ ਫਰਾਰੀ ਤੋਂ ਬਾਅਦ ਬੁੱਧਵਾਰ ਸੋਸ਼ਲ ਮੀਡੀਆ 'ਤੇ ਪਹਿਲੀ ਵੀਡੀਓ ਵਿਚ ਜਿਥੇ ਪੁਲਸ ਵੱਲੋਂ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਦੀ ਆਲੋਚਨਾ ਕੀਤੀ ਹੈ, ਉਥੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਵਿਸਾਖੀ 'ਤੇ ਸਰਬੱਤ ਖਾਲਸਾ ਸੱਦਣ ਅਤੇ ਦੇਸ਼ ਵਿਦੇਸ਼ ਤੋਂ ਸੰਗਤ ਉਸ 'ਚ ਪੁੱਜੇ। ਇਸ ਦੇ ਨਾਲ ਹੀ ਉਸ ਨੇ ਕਿਹਾ—ਮੈਂ ਚੜ੍ਹਦੀ ਕਲਾਂ ਵਿਚ ਹਾਂ ਅਤੇ ਗ੍ਰਿਫ਼ਤਾਰੀ ਵਾਹਿਗੁਰੂ ਦੇ ਹੱਥ ਹੈ।

ਉਸ ਦੇ ਪੰਜਾਬ ਵਿਚਲੇ ਤਿੰਨਾਂ ਤਖਤਾਂ ਵਿੱਚੋਂ ਇਕ 'ਚ ਆਤਮ-ਸਮਰਪਣ ਦੀਆਂ ਅਫਵਾਹਾਂ ਦਰਮਿਆਨ ਅੰਮ੍ਰਿਤਪਾਲ ਨੇ ਆਤਮ-ਸਮਰਪਣ ਲਈ ਤਿੰਨ ਸ਼ਰਤਾਂ ਰੱਖੀਆਂ ਹਨ। ਪੁਲਸ ਸੂਤਰਾਂ ਮੁਤਾਬਕ ਪਹਿਲੀ ਸ਼ਰਤ ਇਹ ਹੈ ਕਿ ਉਸ ਨੂੰ ਕੁੱਟਿਆ ਨਾ ਜਾਵੇ, ਦੂਜੀ ਉਸ ਨੂੰ ਪੰਜਾਬ ਦੀ ਜੇਲ੍ਹ 'ਚ ਰੱਖਿਆ ਜਾਵੇ ਤੇ ਤੀਜੀ ਉਸ ਦੇ ਆਤਮ-ਸਮਰਪਣ ਨੂੰ ਗ੍ਰਿਫਤਾਰੀ ਨਾ ਸ਼ੋਅ ਕੀਤਾ ਜਾਵੇ। ਸੂਤਰਾਂ ਮੁਤਾਬਕ ਕੁਝ ਧਾਰਮਕ ਆਗੂ ਉਸ ਦੇ ਆਤਮ-ਸਮਰਪਣ ਲਈ ਜਤਨ ਕਰ ਰਹੇ ਹਨ।

ਅੰਮ੍ਰਿਤਪਾਲ ਨੇ ਵੀਡੀਓ ਵਿਚ ਇਹ ਵੀ ਕਿਹਾ ਹੈ ਕਿ ਜੇ ਸਰਕਾਰ ਦੀ ਮਨਸ਼ਾ ਉਸ ਨੂੰ ਗ੍ਰਿਫਤਾਰ ਕਰਨ ਦੀ ਹੁੰਦੀ ਤਾਂ ਘਰੋਂ ਕਰ ਸਕਦੀ ਸੀ। ਉਸ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਸਰਬੱਤ ਖਾਲਸਾ ਸੱਦਣ ਦੀ ਅਪੀਲ ਕਰਦਿਆਂ ਇਹ ਵੀ ਕਿਹਾ ਕਿ ਇਸ ਵਿਚ ਸਾਰੇ ਸਿੱਖ ਸੰਗਠਨ, ਸੰਪਰਦਾਵਾਂ ਤੇ ਟਕਸਾਲਾਂ ਵੀ ਹਿੱਸਾ ਲੈਣ। ਇਹ ਸਰਬੱਤ ਖਾਲਸਾ ਉਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਅਬਦਾਲੀ ਵੱਲੋਂ ਵੱਡਾ ਘੱਲੂਘਾਰਾ ਕਰਨ ਸਮੇਂ ਅਕਾਲ ਤਖਤ 'ਤੇ ਹੋਇਆ ਸੀ। ਉਸ ਨੇ ਅੱਗੇ ਕਿਹਾ—ਜਿੱਥੋਂ ਤੱਕ ਗ੍ਰਿਫਤਾਰੀ ਦੀ ਗੱਲ ਹੈ, ਉਹ ਵਾਹਿਗੁਰੂ ਸੱਚੇ ਪਾਤਸ਼ਾਹ ਦੇ ਹੱਥ ਹੈ। ਮੈਂ ਚੜ੍ਹਦੀ ਕਲਾਂ ਵਿਚ ਹਾਂ। ਮੇਰਾ ਕੋਈ ਵਾਲ ਵਿੰਗਾ ਨਹੀਂ ਕਰ ਸਕਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਮਤਿਹਾਨ ਲਿਆ ਹੈ।

ਯੂ ਟਿਊਬ ਅਕਾਊਂਟ ਤੋਂ ਜਾਰੀ ਵੀਡੀਓ ਦੇ ਛੇਤੀ ਬਾਅਦ ਉਸ ਨੂੰ ਸਰਕਾਰ ਦੀ ਕਾਨੂੰਨੀ ਸ਼ਿਕਾਇਤ ਦੇ ਬਾਅਦ ਬੰਦ ਕਰ ਦਿੱਤਾ ਗਿਆ।

ਇਹ ਅਫਵਾਹ ਵੀ ਤੇਜ਼ੀ ਨਾਲ ਫੈਲੀ ਕਿ ਉਹ ਅਕਾਲ ਤਖਤ 'ਤੇ ਪਹੁੰਚ ਕੇ ਪੁਲਸ ਅੱਗੇ ਆਤਮ-ਸਮਰਪਣ ਕਰ ਸਕਦਾ ਹੈ। ਹਾਲਾਂਕਿ ਪੁਲਸ ਅਫਸਰ ਖਾਮੋਸ਼ ਰਹੇ, ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੱਡੀ ਗਿਣਤੀ 'ਚ ਪੁਲਸ ਨਜ਼ਰ ਆਈ।

ਕੁਝ ਦਿਨ ਪਹਿਲਾਂ ਅਕਾਲ ਤਖਤ

● ਬਾਕੀ ਸਫ਼ਾ 2 'ਤੇ

ਸੁੱਖੂ ਦਾ ਮਾਨ ਨੂੰ ਵਾਟਰ ਸੈੱਸ ਨਾ ਲਾਉਣ ਦਾ ਭਰੋਸਾ

ਚੰਡੀਗੜ੍ਹ (ਗੁਰਜੀਤ ਬਿੱਲਾ)- ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਬੁੱਧਵਾਰ ਸਵੇਰੇ ਚੰਡੀਗੜ੍ਹ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਨ੍ਹਾ ਦੀ ਸਰਕਾਰੀ ਰਿਹਾਇਸ 'ਤੇ ਮੁਲਾਕਾਤ ਕੀਤੀ। ਮਾਨ ਨੇ ਹਿਮਾਚਲ ਵੱਲੋਂ ਹਾਈਡਰੋ ਪਾਵਰ ਪਲਾਂਟਾਂ 'ਤੇ ਪ੍ਰਸਤਾਵਿਤ ਵਾਟਰ ਸੈੱਸ ਲਾਉਣ ਦੇ ਮੁੱਦੇ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾ ਕਿਹਾ ਕਿ ਇਸ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਇਹ ਪੰਜਾਬ ਦੇ ਹਿੱਤਾਂ ਦੇ ਖਿਲਾਫ ਹੈ। ਸੁੱਖੂ ਨੇ ਸਪੱਸ਼ਟ ਕੀਤਾ ਕਿ ਵਾਟਰ ਸੈੱਸ ਸਿਰਫ ਉਨ੍ਹਾ ਦੇ ਆਪਣੇ ਸੂਬੇ ਦੇ ਪਣ-ਬਿਜਲੀ ਪਲਾਂਟਾਂ 'ਤੇ ਲਗਾਇਆ ਜਾਵੇਗਾ ਅਤੇ ਕਿਹਾ ਕਿ ਇਹ ਪੰਜਾਬ 'ਤੇ ਲਾਗੂ ਨਹੀਂ ਹੋਵੇਗਾ। ਮਸਲੇ ਦੇ ਹੱਲ ਲਈ ਦੋਵਾਂ ਮੁੱਖ ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਦੋਹਾਂ ਰਾਜਾਂ ਦੇ ਮੁੱਖ ਸਕੱਤਰ ਅਤੇ ਬਿਜਲੀ ਸਕੱਤਰ ਹਰ ਪੰਦਰਵਾੜੇ ਬਾਅਦ ਮੀਟਿੰਗ ਕਰਨਗੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜਾਂ ਵਿਚਕਾਰ ਕੋਈ ਝਗੜਾ ਨਾ ਹੋਵੇ। ਉਨ੍ਹਾ ਕਿਹਾ ਕਿ ਦੋਵਾਂ ਰਾਜਾਂ ਦੇ ਉੱਚ ਅਧਿਕਾਰੀ ਰਾਜਾਂ ਨੂੰ ਦਰਪੇਸ਼ ਮੁੱਦਿਆਂ ਨੂੰ ਆਪਸੀ ਤਾਲਮੇਲ ਨਾਲ ਹੱਲ ਕਰਨਗੇ ਤਾਂ ਜੋ ਉਨ੍ਹਾਂ ਵਿਚਕਾਰ ਕਿਸੇ ਮਸਲੇ ਉਤੇ ਕੋਈ ਮਤਭੇਦ ਨਾ ਰਹੇ। ਦੋਵਾਂ ਮੁੱਖ ਮੰਤਰੀਆਂ ਨੇ ਦੋਵਾਂ ਰਾਜਾਂ

● ਬਾਕੀ ਸਫ਼ਾ 2 'ਤੇ

ਮੋਦੀ ਦੀ ਤਾਨਾਸ਼ਾਹੀ ਖਿਲਾਫ ਸਾਰੀਆਂ ਪਾਰਟੀਆਂ ਇਕਜੁੱਟ ਹੋਣ : ਬਰਾੜ

ਜਲਾਲਾਬਾਦ (ਜੀਤ ਕੁਮਾਰ) : ਭਾਰਤੀ ਕਮਿਊਨਿਸਟ ਪਾਰਟੀ ਅਤੇ ਕੁੱਲ ਹਿੰਦ ਕਿਸਾਨ ਸਭਾ ਜਲਾਲਾਬਾਦ ਵੱਲੋਂ ਲੋਕ ਘੋਲਾਂ ਦੇ ਮਰਹੂਮ ਆਗੂ ਕਾਮਰੇਡ ਆਲਾ ਸਿੰਘ ਦੀ 20ਵੀਂ ਸਲਾਨਾ ਬਰਸੀ ਦੇ ਮੌਕੇ ਕਿਸਾਨ ਕਾਨਫਰੰਸ ਅਤੇ ਸੱਭਿਆਚਾਰਕ ਸਮਾਗਮ ਸਥਾਨਕ ਅਨਾਜ ਮੰਡੀ ਵਿਖੇ ਕਰਵਾਇਆ ਗਿਆ। ਇਸ ਵਿਚ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਬਰਾੜ ਵਿਸ਼ੇਸ਼ ਤੌਰ 'ਤੇ ਪੁੱਜੇ, ਜਦੋਕਿ ਹੋਰਨਾਂ ਤੋਂ ਇਲਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ, ਸਰਬ ਭਾਰਤ ਨੌਜਵਾਨ ਸਭਾ ਦੇ ਪੰਜਾਬ ਪ੍ਰਧਾਨ ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਦਰਸ਼ਨ ਰਾਮ ਲਾਧੂਕਾ, ਭਗਵਾਨ ਦਾਸ ਬਹਾਦਰਕੇ, ਹਰਭਜਨ ਛੱਪੜੀਵਾਲਾ, ਤੇਜਾ ਸਿੰਘ ਅਮੀਰ ਖਾਸ, ਛਿੰਦਰ ਸਿੰਘ ਮਹਾਲਮ, ਜੀਤ ਚੌਹਾਨਾ ਆਦਿ ਹਾਜ਼ਰ ਸਨ। ਸਮਾਗਮ ਵਿਚ ਜਗਸੀਰ ਜੀਦਾ ਐ

30-MARCH-PAGE-1.qxd 3/29/2023 10:36 PM Page 2

ਬਾਰਸ਼ ਕਾਰਨ ਨੁਕਸਾਨ ਦੇ ਮੁਆਵਜ਼ੇ ਦੀ ਐਲਾਨੀ ਰਕਮ ਨਕਾਫੀ : ਹਨੀ ਫੱਤਣਵਾਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮੁੱਖ ਮੰਤਰੀ ਵੱਲੋਂ ਐਲਾਨੀ ਗਈ ਮੁਆਵਜ਼ਾ ਰਾਸ਼ੀ ਕਿਸਾਨਾਂ ਦੇ ਹੋਏ ਨੁਕਸਾਨ ਬਦਲੇ ਨਕਾਫੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 100 ਪ੍ਰਤੀਸ਼ਤ ਖਰਾਬੇ ਲਈ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਗਿਰਦਾਵਰੀ ਉਪਰੰਤ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ, ਇਹ ਬਹੁਤ ਘੱਟ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਕਈ ਹਿੱਸਿਆਂ 'ਚ ਇਸ ਕੁਦਰਤੀ ਕਹਿਰ ਕਾਰਨ ਕਿਸਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ। ਗਿਰਦਾਵਰੀ ਉਪਰੰਤ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲਣਾ ਚਾਹੀਦਾ ਹੈ। ਹਨੀ ਫੱਤਣਵਾਲਾ ਨੇ ਕਿਹਾ ਕਿ ਕਣਕ, ਸਰ੍ਹੋਂ, ਸਬਜ਼ੀਆਂ ਵਾਲੇ ਕਿਸਾਨਾਂ ਨੂੰ ਵੱਡੀ ਮਾਰ ਵੱਜੀ ਹੈ। ਫੱਤਣਵਾਲਾ ਨੇ ਕਿਹਾ ਕਿ 10 ਦਿਨ ਵਿਚ ਮੁਆਵਜ਼ਾ ਦੇਣ ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਐਲਾਨ ਵੀ ਬੀਤੇ ਐਲਾਨਾਂ ਵਾਂਗ ਮਹਿਜ਼ ਐਲਾਨ ਹੀ ਨਾ ਰਹਿ ਜਾਵੇ, ਕਿਉਂਕਿ ਨਰਮੇ ਦੇ ਖਰਾਬੇ ਦੇ ਮੁਆਵਜ਼ੇ ਦੇ ਕੀਤੇ ਐਲਾਨ ਦਾ ਮੁਆਵਜ਼ਾ ਅਜੇ ਤੱਕ ਕਿਸਾਨਾਂ ਤੱਕ ਨਹੀਂ ਪਹੁੰਚਿਆ। ਇਸ ਮੌਕੇ ਹਨੀ ਫੱਤਣਵਾਲਾ ਨਾਲ ਇਸ ਮੌਕੇ ਇਕਬਾਲ ਸਿੰਘ, ਗਗਨ ਸੰਧੂ, ਕਰਮਜੀਤ ਸਿੰਘ ਕਰਮਾ, ਗੁਰਜੰਟ ਸਿੰਘ ਮੱਤਾ, ਸ਼ਿਵਰਾਜ ਸਿੰਘ, ਬੇਅੰਤ ਸਿੰਘ ਅਤੇ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

ਰੰਧਾਵਾ 'ਚ ਸ਼ਰਾਰਤੀ ਅਨਸਰਾਂ ਵੱਲੋਂ ਮਹਾਰਾਣਾ ਪ੍ਰਤਾਪ ਦੀ ਮੂਰਤੀ ਖੰਡਤ

ਸਿਰਸਾ (ਸੁਰਿੰਦਰ ਪਾਲ ਸਿੰਘ)—ਸਿਰਸਾ ਜਿਲ੍ਹੇ ਦੇ ਪਿੰਡ ਰੰਧਾਵਾ 'ਚ ਸ਼ਰਾਰਤੀ ਅਨਸਰਾਂ ਵੱਲੋਂ ਮਹਾਰਾਣਾ ਪ੍ਰਤਾਪ ਦੀ ਮੂਰਤੀ ਦੀ ਭੰਨਤੋੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੂਰਤੀ ਤੋੜਨ ਤੇ ਪਿੰਡ ਵਾਸੀਆਂ ਚ ਗੁੱਸਾ ਹੈ। ਪੁਲਸ ਦੀ ਮੌਜੂਦਗੀ ਵਿਚ ਪਿੰਡ ਵਾਸੀਆਂ ਨੇ ਪਿੰਡ ਵਿੱਚ ਰੋਸ ਬਰਕਰਾਰ ਹੈ।ਪਿੰਡ ਰੰਧਾਵਾ ਨਿਵਾਸੀ ਸਤਬੀਰ ਰੰਧਾਵਾ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਮੁੱਖ ਚੌਕ ਵਿੱਚ ਮਹਾਰਾਣਾ ਪ੍ਰਤਾਪ ਦਾ ਬੁੱਤ ਲਗਾਇਆ ਹੋਇਆ ਹੈ ।ਰਾਤ ਨੂੰ ਅਣਪਛਾਤੇ ਬਦਮਾਸ਼ਾਂ ਨੇ ਮੂਰਤੀ ਦੀ ਭੰਨਤੋੜ ਕੀਤੀ।ਪਿੰਡ ਵਾਸੀਆਂ ਨੇ ਬਦਮਾਸ਼ਾਂ ਖਿਲਾਫ ਕਾਰਵਾਈ ਲਈ ਸਿਰਸਾ ਦੇ ਐੱਸਪੀ ਅਰਪਿਤ ਜੈਨ ਅਤੇ ਥਾਣਾ ਇੰਚਾਰਜ ਨੂੰ ਜਾਣਕਾਰੀ ਇਕੱਠੀ ਕਰਕੇ ਪਿੰਡ ਦੇ ਹੀ ਇੱਕ ਨੌਜਵਾਨ 'ਤੇ ਸ਼ੱਕ ਪ੍ਰਗਟਾਇਆ ਹੈ। ਉਂਝ ਖਬਰ ਲਿਖੇ ਜਾਣ ਤੱਕ ਪਿੰਡ ਰੰਧਾਵਾ 'ਚ ਸ਼ਾਂਤੀ ਹੈ।

ਭਾਸ਼ਾ ਦਫ਼ਤਰ 'ਚ ਵਿਸ਼ਵ ਰੰਗਮੰਚ ਦਿਵਸ ਮੌਕੇ ਸਮਾਗਮ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਭਾਸ਼ਾ ਦਫ਼ਤਰ ਸੰਗਰੂਰ ਵਿਖੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਸ਼ਵ ਰੰਗਮੰਚ ਦਿਵਸ ਡਾ. ਰਣਜੋਧ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ। ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਸੁਖਵਿੰਦਰ ਸਿੰਘ ਜਨਾਲ, ਵਿਸ਼ਵਕਰਮਾ ਕਾਲਜ ਫਾਰ ਗਰਲਜ਼ ਦਿੜ੍ਹਬਾ ਨੇ ਵਿਸ਼ਵ ਰੰਗਮੰਚ ਦੇ ਆਰੰਭ ਬਾਰੇ ਗੱਲ ਕਰਦਿਆਂ ਰੰਗਮੰਚ ਦੀ ਯੂਨਾਨੀ ਪਰੰਪਰਾ ਤੋਂ ਅਜੋਕੇ ਸੰਦਰਭ ਤੱਕ ਦੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾ ਪੰਜਾਬੀ ਨਾਟਕ ਦੀਆਂ ਕੁਝ ਝਲਕਾਂ ਦਿਲਚਸਪ ਅੰਦਾਜ਼ 'ਚ ਪੇਸ਼ ਕੀਤੀਆਂ। ਮੁੱਖ ਮਹਿਮਾਨ ਡਾ. ਇਕਬਾਲ ਸਿੰਘ ਸਿੱਧੂ ਸਹਾਇਕ ਪ੍ਰੋਫੈਸਰ ਸਰਕਾਰੀ ਰਣਬੀਰ ਕਾਲਜ ਸੰਗਰੂਰ ਨੇ ਪੰਜਾਬੀ ਨਾਟਕ ਦੇ ਮੁਢਲੇ ਰੰਗਮੰਚ ਸਫ਼ਰ ਤੋਂ ਲੈ ਕੇ ਆਧੁਨਿਕ ਰੰਗਮੰਚ ਦੀਆਂ ਜੁਗਤਾਂ ਬਾਰੇ ਚਾਨਣਾ ਪਾਇਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਭਗਵੰਤ ਸਿੰਘ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਮੁੱਖ ਸੰਪਾਦਕ ਜਾਗੋ ਇੰਟਰਨੈਸ਼ਨਲ ਨੇ ਪੰਜਾਬੀ ਰੰਗਮੰਚ ਦੇ ਵਿਕਾਸ ਦੇ ਨਾਲ-ਨਾਲ ਨਾਟਕ ਦੇ ਖੇਤਰ 'ਚ ਵਿਸ਼ਾ-ਵਸਤੂ ਦੇ ਪੱਖ ਤੋਂ ਹੋ ਰਹੀਆਂ ਨਵੀਆਂ ਪੇਸ਼ਕਾਰੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ । ਲਵਪ੍ਰੀਤ ਸਿੰਘ ਨੇ ਬਾਬੂ ਰਜਬ ਅਲੀ ਦੀ ਕਵੀਸ਼ਰੀ ਗਾਈ ਅਤੇ ਕਰਮਜੀਤ ਕੌਰ ਨੇ ਕਵਿਤਾ ਪੇਸ਼ ਕੀਤੀ। ਮੰਚ ਸੰਚਾਲਨ ਹਾਕਮ ਸਿੰਘ ਸੁਪਰਵਾਈਜ਼ਰ ਨੇ ਕੀਤਾ। ਸਮਾਗਮ ਅਤੇ ਪੁਸਤਕ ਪ੍ਰਦਰਸ਼ਨੀ ਦਾ ਸਮੁੱਚਾ ਪ੍ਰਬੰਧ ਜਗਦੇਵ ਸਿੰਘ ਜੂਨੀਅਰ ਸਹਾਇਕ ਨੇ ਕੀਤਾ। ਡਾ.ਰਣਜੋਧ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਸਮੂਹ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਅਤੇ ਧੰਨਵਾਦ ਦੇ ਸ਼ਬਦ ਆਖੇ।

ਬਾਬਾ ਨਾਨਕ 13-13 ਹੱਟ ਦੀ ਆਰੰਭਤਾ

ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)- ਬਾਬਾ ਨਾਨਕ 13-13 ਹੱਟ ਦੀ ਆਰੰਭਤਾ ਕੀਤੀ ਗਈ। ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਭਾਈ ਸੋਹਨ ਸਿੰਘ ਵੱਲੋਂ ਗੁਰੂ ਮਹਾਰਾਜ ਦੇ ਸ਼ੁਕਰਾਨੇ ਅਤੇ ਸੋਸਾਇਟੀ ਵੱਲੋਂ ਆਰੰਭ ਕੀਤੇ ਗਏ ਇਸ ਸ਼ੁੱਭ ਕਾਰਜ ਦੀ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਗਈ। ਇਸ ਸੰਬੰਧੀ ਸੋਸਾਇਟੀ ਦੇ ਪ੍ਰਧਾਨ ਐਚ ਐਸ ਕਪੂਰ ਨੇ ਦੱਸਿਆ ਕਿ ਸੋਸਾਇਟੀ ਵੱਲੋਂ ਸ਼ੁਰੂ ਕੀਤੇ ਗਏ ਇਸ ਨਾਨਕ 13-13 ਹੱਟ ਵਿੱਚ ਕੋਈ ਵੀ ਲੋੜਵੰਦ ਹਾਜ਼ਰ ਕੋਈ ਵੀ ਵਸਤੂ ਸਿਰਫ 13 ਰੁਪਏ ਭੇਟਾ ਦੇ ਕੇ ਲਿਜਾ ਸਕਦਾ ਹੈ। ਇਸ ਤੋਂ ਇਲਾਵਾ ਕਪੂਰ ਨੇ ਸਮੂਹ ਇਲਾਕਾ ਨਿਵਾਸਿਆਂ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਘਰਾਂ 'ਚ ਲੇਡੀਜ਼ ਸੂਟ, ਜੈਂਟਸ ਸੂਟ, ਬੱਚਿਆਂ ਦੇ ਸੂਟ, ਜੁੱਤੇ, ਬੂਟ, ਚੱਪਲਾਂ, ਭਾਂਡੇ ਅਤੇ ਹੋਰ ਕੋਈ ਵੀ ਘਰੇਲੂ ਵਸਤੂ ਜੋ ਨਹੀਂ ਵਰਤ ਰਹੇ, ਉਹ ਬਾਬਾ ਨਾਨਕ 13-13 ਹੱਟ 'ਚ ਪਹੁੰਚਾਉਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਉਹ ਕਿਸੇ ਲੋੜਵੰਦ ਦੇ ਕੰਮ ਆ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸੁਖਦੇਵ ਸਿੰਘ ਮੀਤ ਮੈਨੇਜਰ, ਲਖਵਿੰਦਰ ਸਿੰਘ ਲਾਡੀ ਅਤੇ ਸਮੂਹ ਸਟਾਫ ਸ੍ਰੀ ਦਰਬਾਰ ਸਾਹਿਬ, ਸਰਜੀਤ ਸਿੰਘ ਰਿਟਾ. ਇੰਸਪੈਕਟਰ ਆਡਿਟ, ਰਾਮ ਸਿੰਘ ਏ ਐਸ ਆਈ (ਰਿਟਾ.), ਅਮਰਨਾਥ ਛਾਬੜਾ, ਵਿਜੈ ਕੁਮਾਰ ਢਿੰਗੜਾ, ਗੁਰਚਰਨ ਸਿੰਘ ਸੰਧੂ ਡੀ ਟੀ ਓ, ਜਗਜੀਤ ਸਿਘ ਬਰਾੜ ਹਨੀ ਫੱਤਣਵਾਲਾ, ਪ੍ਰਿ. ਸੰਦੀਪ ਗਿਰਧਰ, ਅਰਵਿੰਦ ਪਠੇਲਾ, ਅਸ਼ੋਕ ਸੋਨੂ ਪ੍ਰਧਾਨ, ਨਿਸ਼ਚਲ ਕੁਮਾਰ ਸੰਨੀ, ਬੂਟਾ ਰਾਮ ਮਾਹਲਾ, ਅੰਗਰੇਜ ਸਿੰਘ ਉਡਾਂਗ, ਗੁਰਜੋਤ ਸਿੰਘ, ਵਿਜੈ ਕੁਮਾਰ ਲੂਥਰਾ, ਰਾਜਿੰਦਰ ਕੁਮਾਰ ਖੁਰਾਣਾ, ਵਰੁਣ ਕੁਮਾਰ ਟਿੰਕਾ ਕਾਲੂ ਮੱਕੜ, ਸੰਦੀਪ ਕੁਮਾਰ ਸੋਨੂ ਆਦਿ ਹਾਜ਼ਰ ਸਨ।

ਭਾਜਪਾਈ ਸਰਕਾਰਾਂ ਦੇ ਰਾਜ 'ਚ ਹਰ ਵਰਗ ਦੁਖੀ: ਚਾਵਲਾ

ਸਿਰਸਾ (ਸੁਰਿੰਦਰ ਪਾਲ ਸਿੰਘ)—ਸਿਰਸਾ 'ਚ ਕਾਂਗਰਸ ਦੇ ਯੂਥ ਵਰਕਰ ਸੰਮੇਲਨ ਦੌਰਾਨ ਸੀਨੀਅਰ ਕਾਂਗਰਸੀ ਆਗੂ ਅਮੀਰ ਚੰਦ ਚਾਵਲਾ ਨੇ ਕਿਹਾ ਕਿ ਨੌਜਵਾਨ ਦੇਸ਼ ਦਾ ਸੁਨਹਿਰੀ ਭਵਿੱਖ ਹਨ। ਉਨ੍ਹਾਂ ਕਿਹਾ ਕਿ ਲੋਕ ਤੰਤਰ ਖਤਰੇ ਵਿਚ ਹੈ। ਚਾਬਲਾ ਨੇ ਕਿਹਾ ਕਿ ਬਹੁਤ ਦੁੱਖ ਹੁੰਦਾ ਹੈ ਜਦੋਂ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਲਈ ਠੋਕਰਾਂ ਖਾਣੀਆਂ ਪੈਂਦੀਆਂ ਹਨ । ਉਨ੍ਹਾਂ ਕਿਹਾ ਕਿ ਮੌਜੂਦਾ ਭਾਜਪਾ ਸਰਕਾਰ ਦੇ ਰਾਜ 'ਚ ਹਰ ਵਰਗ ਦੁਖੀ ਹੈ ਅਤੇ ਸੜਕਾਂ ਤੇ ਹੈ। ਕਾਂਗਰਸੀ ਆਗੂਆਂ ਨੇ ਕਿਹਾ ਕਿ ਹੁਣ 2024 ਨੇੜੇ ਹੈ ਅਤੇ 2024 ਅਜਿਹਾ ਸਾਲ ਹੋਵੇਗਾ ਜਦੋਂ ਨੌਜਵਾਨ ਭਾਰਤੀ ਜਨਤਾ ਪਾਰਟੀ ਦੀਆਂ ਸਾਰੀਆਂ ਲੋਕ ਵਿਰੋਧੀ ਨੀਤੀਆਂ ਨੂੰ ਵੋਟਾਂ ਨਾਲ ਜਵਾਬ ਦੇਣਗੇ। ਇਸ ਮੌਕੇ ਸਾਬਕਾ ਸੰਸਦ ਮੈਂਬਰ ਡਾ. ਸੁਸ਼ੀਲ ਇੰਦੋਰਾ, ਸੀਨੀਅਰ ਕਾਂਗਰਸੀ ਆਗੂ ਰਾਜਕੁਮਾਰ ਸ਼ਰਮਾ, ਸਿਰਸਾ ਬਲਾਕ ਮਹਿਲਾ ਪ੍ਰਧਾਨ ਪੁਨੀਤਾ ਬਲਦੇਵ ਰਾਜ ਵਿਨੋਦ ਬਾਜੇਕਾਂ, ਮੋਹਨ ਲਾਲ ਬਾਜੇਕਾਂ, ਲਵਲੀ ਚਾਹਲ, ਗੈਵੀ ਗਿੱਲ, ਪਵਨ ਬਾਜੇਕਾਂ, ਦਿਲਪ੍ਰੀਤ ਸਿੱਧੂ, ਮਾਨਾ ਗਿੱਲ, ਸਿਕੰਦਰ ਗਿੱਲ, ਤਿਵੇਂਦਰ, ਤੁਸ਼ਾਰ, ਸੰਨੀ, ਹਨੀ ਸਿੰਘ, ਨਵਨੀਤ, ਕਿਸ਼ਨ ਚੋਰਮਾਰ ਵੀ ਹਾਜ਼ਰ ਸਨ ।

'ਵਿਹਲਾ ਮਨ ਸ਼ੈਤਾਨ ਦਾ ਘਰ', ਇਸ ਲਈ ਰੁਜ਼ਗਾਰ ਮੁਹੱਈਆ ਕਰਨ 'ਤੇ ਧਿਆਨ : ਮਾਨ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ 219 ਕਲਰਕਾਂ ਅਤੇ 26 ਨੌਜਵਾਨਾਂ ਨੂੰ ਤਰਸ ਦੇ ਆਧਾਰ ਭਰਤੀ ਲਈ ਨਿਯੁਕਤੀ ਪੱਤਰ ਸੌਂਪੇ। ਇੱਥੇ ਮਿਊਂਸਪਲ ਭਵਨ ਵਿੱਚ ਸਮਾਰੋਹ ਦੌਰਾਨ ਨਿਯੁਕਤੀ ਪੱਤਰ ਸੌਂਪਣ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ, ਇਸ ਲਈ ਅਸੀਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਕੋਸ਼ਿਸ਼ ਕਰ ਰਹੇ ਹਾਂ, ਤਾਂ ਕਿ ਉਹ ਸਮਾਜਕ ਬੁਰਾਈਆਂ ਤੋਂ ਦੂਰ ਰਹਿਣ।

ਮੁੱਖ ਮੰਤਰੀ ਨੇ ਕਿਹਾ ਕਿ ਬੇਰੁਜ਼ਗਾਰੀ ਕਈ ਸਮਾਜਕ ਸਮੱਸਿਆਵਾਂ ਦੀ ਜੜ੍ਹ ਹੈ। ਇਸ ਲਈ ਸੂਬਾ ਸਰਕਾਰ ਦਾ ਧਿਆਨ ਇਸ ਨੂੰ ਖ਼ਤਮ ਕਰਨ ਉਤੇ ਲੱਗਿਆ ਹੋਇਆ ਹੈ। ਉਨ੍ਹਾ ਕਿਹਾ ਕਿ ਇਕ ਸਾਲ ਦੇ ਅੰਦਰ-ਅੰਦਰ ਹੁਣ ਤੱਕ 27,042 ਸਰਕਾਰੀ ਨੌਕਰੀਆਂ ਨੌਜਵਾਨਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ। ਮਾਨ ਨੇ ਕਿਹਾ ਕਿ ਇਹ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗੀ, ਕਿਉਂਕਿ ਸੂਬਾ ਸਰਕਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਉਤੇ ਸਭ ਤੋਂ ਵੱਧ ਜ਼ੋਰ ਦੇ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਨੌਜਵਾਨ ਸਰਕਾਰ ਦਾ ਅਨਿੱਖੜ ਅੰਗ ਬਣ ਗਏ ਹਨ ਅਤੇ ਹੁਣ ਉਨ੍ਹਾਂ ਨੂੰ ਮਿਸ਼ਨਰੀ ਉਤਸ਼ਾਹ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਉਹਨਾ ਉਮੀਦ ਜ਼ਾਹਰ ਕੀਤੀ ਕਿ ਨਵੇਂ ਭਰਤੀ ਹੋਏ ਨੌਜਵਾਨ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਦੱਬੇ-ਕੁਚਲੇ ਵਰਗਾਂ ਤੇ ਲੋੜਵੰਦਾਂ ਦੀ ਮਦਦ ਲਈ ਕਰਨਗੇ। ਮੁੱਖ ਮੰਤਰੀ ਨੇ ਸਿੱਖਿਆ ਸਰਵਿਸ ਪ੍ਰੋਵਾਈਡਰਾਂ ਦੀਆਂ ਚਿੰਤਾਵਾਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਠੇਕੇ ਉਤੇ ਭਰਤੀ ਦੀ ਪ੍ਰਣਾਲੀ ਨੂੰ ਖ਼ਤਮ ਕਰ ਕੇ ਜਲਦੀ ਉਨ੍ਹਾਂ ਦੀ ਤਨਖ਼ਾਹ ਵਧਾਉਣ ਲਈ ਨੋਟੀਫਿਕੇਸ਼ਨ ਜਾਰੀ ਕਰੇਗੀ।

ਉਹਨਾ ਕਿਹਾ ਕਿ ਜਿਵੇਂ ਹਵਾਈ ਪੱਟੀ ਹਵਾਈ ਜਹਾਜ਼ ਦੀ ਆਰਾਮਦਾਇਕ ਉਡਾਣ ਲਈ ਸਹਾਇਕ ਹੁੰਦੀ ਹੈ, ਉਸੇ ਤਰ੍ਹਾਂ ਸੂਬਾ ਸਰਕਾਰ ਨੌਜਵਾਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਮਦਦਗਾਰ ਹੋਵੇਗੀ। ਉਨ੍ਹਾ ਦਾਅਵਾ ਕੀਤਾ ਕਿ ਨੌਜਵਾਨਾਂ ਦੇ ਵਿਚਾਰਾਂ ਨੂੰ ਉਡਾਣ ਦੇਣ ਲਈ ਹਰੇਕ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਹਨਾ ਨੌਜਵਾਨਾਂ ਨੂੰ ਭਾਵੁਕ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਖ਼ੁਦ ਆਪਣੀ ਪਛਾਣ ਅਤੇ ਸਥਾਨ ਬਣਾਉਣ ਲਈ ਜੱਦੋ-ਜਹਿਦ ਕਰਨ।

ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ ਕਿ ਕੁਝ ਲੋਕ ਆਪਣੇ ਸਵਾਰਥਾਂ ਦੀ ਪੂਰਤੀ ਲਈ ਸੂਬੇ ਨੂੰ ਧਾਰਮਕ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਅਜਿਹੇ ਆਪੇ ਬਣੇ ਧਰਮ ਦੇ ਆਗੂਆਂ ਦਾ ਸੂਬੇ ਅਤੇ ਇੱਥੋਂ ਦੇ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾ ਕਿਹਾ ਕਿ ਇਹ ਆਗੂ ਸਿਰਫ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਹਨ। ਉਹਨਾ ਕਿਹਾ ਕਿ ਪੰਜਾਬੀਆਂ ਨੂੰ ਅਜਿਹੇ ਪ੍ਰਚਾਰਕਾਂ ਦੇ ਵਿਚਾਰਾਂ ਤੋਂ ਪਰੇਸ਼ਾਨ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਦਾ ਸੂਬੇ ਅਤੇ ਇੱਥੋਂ ਦੇ ਲੋਕਾਂ ਨਾਲ ਜਜ਼ਬਾਤੀ ਤੌਰ 'ਤੇ ਕੋਈ ਨਾਤਾ ਨਹੀਂ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਹਰ ਕੀਮਤ 'ਤੇ ਪੰਜਾਬ ਵਿੱਚ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਪਾਬੰਦ ਹੈ।

ਸੰਸਦ ਦੀ ਕਾਰਵਾਈ ਬੁੱਧਵਾਰ ਵੀ ਨਹੀਂ ਚੱਲੀ

ਨਵੀਂ ਦਿੱਲੀ : ਰਾਹੁਲ ਗਾਂਧੀ ਨੂੰ ਲੋਕ ਸਭਾ ਤੋਂ ਅਯੋਗ ਠਹਿਰਾਏ ਜਾਣ ਦੇ ਵਿਰੋਧ 'ਚ ਕਾਲੇ ਕੱਪੜੇ ਪਹਿਨੇ ਕਾਂਗਰਸੀ ਮੈਂਬਰਾਂ ਨੇ ਬੁੱਧਵਾਰ ਵੀ ਸਦਨ 'ਚ ਪ੍ਰੋਟੈੱਸਟ ਕੀਤਾ, ਜਿਸ ਕਾਰਨ ਸਦਨ ਦੀ ਕਾਰਵਾਈ ਸ਼ੁਰੂ ਹੋਣ ਦੇ ਇਕ ਮਿੰਟ ਦੇ ਅੰਦਰ ਹੀ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਇਸ ਤੋਂ ਬਾਅਦ ਜਦੋਂ ਸਦਨ ਜੁੜਿਆ ਤਾਂ ਹੰਗਾਮਾ ਜਾਰੀ ਰਿਹਾ, ਜਿਸ ਕਾਰਨ ਸਦਨ ਸਾਰੇ ਦਿਨ ਲਈ ਉਠਾਅ ਦਿੱਤਾ ਗਿਆ। ਇਸ ਤਰ੍ਹਾਂ ਅਡਾਨੀ ਸਮੂਹ ਨਾਲ ਸੰਬੰਧਤ ਮਾਮਲੇ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ (ਜੇ ਪੀ ਸੀ) ਕਾਇਮ ਕਰਨ ਦੀ ਮੰਗ ਨੂੰ ਲੈ ਕੇ ਵਿਰੋਧੀ ਮੈਂਬਰਾਂ ਦੇ ਹੰਗਾਮੇ ਕਾਰਨ ਰਾਜ ਸਭਾ ਦੀ ਬੈਠਕ ਸ਼ੁਰੂ ਹੋਣ ਤੋਂ ਮਹਿਜ਼ ਪੰਜ ਮਿੰਟ ਮਗਰੋਂ ਬਾਅਦ ਦੁਪਹਿਰ 2 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਬਾਅਦ ਵੀ ਹਾਲਾਤ ਨਹੀਂ ਸੁਧਰੇ ਤਾਂ ਸਦਨ ਬਾਕੀ ਸਾਰੇ ਦਿਨ ਲਈ ਮੁਲਤਵੀ ਕਰ ਦਿੱਤਾ ਗਿਆ।

ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਦੇ

30-March-PAGE- 3.qxd 3/29/2023 10:43 PM Page 1

ਮੁਸ਼ਕਲਾਂ ਨੂੰ ਲੈ ਕੇ ਵੰਡ ਕੇਂਦਰ ਝਬਾਲ ਦੇ ਡਿਪੂ ਹੋਲਡਰ ਹੋਏ ਇਕੱਤਰ

ਸਰਾਏ ਅਮਾਨਤ ਖਾਂ, (ਮੱਖਣ ਮਨੋਜ)- ਖੇਮਕਰਨ ਵਿਖੇ ਝਬਾਲ ਦੇ ਸਮੂਹ ਡਿਪੂ ਹੋਲਡਰਾਂ ਦੀ ਇਕੱਤਰਤਾ ਹੋਈ ਜਿਸ ਵਿਚ ਵੰਡ ਕੇਂਦਰ ਝਬਾਲ ਦੇ ਸਮੂਹ ਡਿੱਪੂ ਹੋਲਡਰਾਂ ਨੇ ਹਿੱਸਾ ਲਿਆ। ਮੀਟਿੰਗ 'ਚ ਉਚੇਚੇ ਤੌਰ 'ਤੇ ਐੱਨਐੱਫਐੱਸ, ਐਕਟ 355 ਨੈਸ਼ਨਲ ਫੂਡ ਸਪਲਾਈ ਐਕਟ 355 ਯੂਨੀਅਨ ਦੇ ਸੂਬਾ ਪ੍ਰਧਾਨ ਰੋਸ਼ਨ ਲਾਲ ਮਿੱਠੂ ਘੋਂਟ, ਪ੍ਰਧਾਨ ਜੈਮਲ ਸਿੰਘ ਜੰਡਿਆਲਾ ਗੁਰੂ, ਰਮਨ ਕੁਮਾਰ ਵੇਰਕਾ, ਵਿਰਸਾ ਸਿੰਘ ਸੁਲਤਾਨਵਿੰਡ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਜਾਬ ਦੇ ਸਮੂਹ ਡਿਪੂ ਹੋਲਡਰਾਂ ਨੂੰ ਯੂਨੀਅਨ ਦੇ ਝੰਡੇ ਹੇਠ ਲਾਮਬੰਦ ਕਰਕੇ ਇਕਜੁੱਟ ਕੀਤਾ ਜਾ ਰਿਹਾ ਹੈ ਤਾਂ ਜੋ ਕਿਸੇ ਨਾਲ ਹੁੰਦੀ ਜ਼ਿਆਦਤੀ ਰੋਕੀ ਜਾ ਸਕੇ। ਵੰਡ ਕੇਂਦਰ ਤਰਨ ਤਾਰਨ ਅਧੀਨ ਆਉਂਦੇ ਪਿੰਡਾਂ ਵਿਚਲੇ ਸਮੂਹ ਡਿਪੂ ਹੋਲਡਰਾਂ ਦੀ ਮੈਂਬਰਸ਼ਿਪ ਭਰੀ ਗਈ ਤੇ ਸਾਰੇ ਡਿਪੂ ਹੋਲਡਰਾਂ ਨੂੰ ਯੂਨੀਅਨ 'ਚ ਸ਼ਾਮਿਲ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਡਿਪੂ ਹੋਲਡਰ ਵੀ ਸਰਕਾਰ ਦਾ ਅੰਗ ਹਨ। ਸਰਕਾਰ ਦੀਆਂ ਸਕੀਮਾਂ ਮੁਤਾਬਿਕ ਰਾਸ਼ਨ ਵੰਡਿਆ ਜਾ ਰਿਹਾ ਹੈ। ਡਿਪੂ ਹੋਲਡਰਾਂ ਦੀਆ ਮੁਸ਼ਕਲਾਂ ਨੂੰ ਵੀ ਸੁਣਿਆ ਤੇ ਤੁਰੰਤ ਸਰਕਾਰ ਦੇ ਧਿਆਨ 'ਚ ਲਿਆ ਕੇ ਹੱਲ ਕਰਾਉਣ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਦੱਸਿਆ ਕਿ ਸਰਕਾਰ ਤਰਫੋਂ ਇਸ ਵਾਰ ਮੁਫਤ ਕਣਕ ਦੀ ਸਪਲਾਈ ਚ 27% ਕੱਟ ਲਗਾਇਆ ਗਿਆ ਹੈ ਜਿਸ ਕਾਰਨ ਡਿੱਪੂ ਹੋਲਡਰਾਂ ਨੂੰ ਬਹੁਤ ਪ੍ਰੇਸ਼ਾਨੀ ਆ ਰਹੀ ਹੈ ਅਤੇ ਕਾਰਡ ਧਾਰਕ ਰੋਜ਼ਾਨਾ ਡਿਪੂ ਹੋਲਡਰਾਂ ਦੀਆ ਸ਼ਿਕਾਇਤਾਂ ਕਰ ਰਹੇ ਹਨ। ਕਈ ਕਈ ਜਗ੍ਹਾ ਝਗੜੇ ਵੀ ਹੋ ਚੁੱਕੇ ਹਨ ਜਦਕਿ ਇਸ 'ਚ ਡਿਪੂ ਹੋਲਡਰਾਂ ਦਾ ਕੋਈ ਕਸੂਰ ਨਹੀਂ ਹੈ। ਉਨ੍ਹਾਂ ਯੂਨੀਅਨ ਵਾਲਿਆ ਦੀਆਂ ਮੁੱਖ ਮੰਗਾਂ 'ਤੇ ਚਰਚਾ ਕਰਦੇ ਹੋਏ ਭਰੋਸਾ ਦਿੱਤਾ ਕਿ ਡਿਪੂ ਵਾਲਿਆਂ ਦੀਆਂ ਬਕਾਇਆ ਮੰਗਾਂ ਕਮਿਸ਼ਨ ਵਿਭਾਗ ਤੋਂ ਛੇਤੀ ਹੀ ਹੱਲ ਕਰਵਾਈਆਂ ਜਾਣਗੀਆਂ। ਇਸ ਮੌਕੇ ਸਰਕਲ ਝਬਾਲ ਦੇ ਪ੍ਰਧਾਨ ਮੰਜਰ ਸਿੰਘ ਦੋਦੇ, ਦਿਲਬਾਗ ਸਿੰਘ ਡਿਪੂ ਹੋਲਡਰ ਗੰਡੀਵਿੰਡ, ਰੋਸ਼ਨੀ ਕੋਰ ਡੀਪੂ ਹੋਲਡਰ ਗੰਡੀਵਿੰਡ, ਬਾਬਾ ਜੋਗਿੰਦਰ ਸਿੰਘ ਡਿਪੂ ਹੋਲਡਰ ਠੱਠਗੜ੍ਹ, ਕਰਮ ਸਿੰਘ ਖੈਰਦੀ, ਬੰਟੀ ਮੰਨਣ, ਨਰਿੰਦਰ ਸਿੰਘ ਫੌਜੀ ਮੰਨਣ, ਹਰਪਾਲ ਸਿੰਘ ਲਾਡਾ ਕਸੇਲ, ਰਵੇਲ ਸਿੰਘ ਜਗਤਪੁਰਾ, ਦਿਲਬਾਗ ਸਿੰਘ ਛਾਪਾ, ਜਰਨੈਲ ਸਿੰਘ ਗਾਹਿਰੀ, ਬੱਬਲਾ ਅਰੋੜਾ ਝਬਾਲ, ਭੁਪਿੰਦਰ ਸਿੰਘ ਭੁੱਚਰ, ਪ੍ਰਭਦੀਪ ਸਿੰਘ ਢੰਡ, ਸੁਖਵਿੰਦਰ ਸਿੰਘ ਪੱਪੂ ਮੀਆਪੁਰ, ਦਿਲਬਾਗ ਸਿੰਘ ਠੱਠਗੜ੍ਹ, ਹਰਪਾਲ ਸਿੰਘ ਕਸੇਲ ਹਵੇਲੀਆਂ, ਪਰਮਜੀਤ ਕੌਰ ਢੰਡ, ਕੁਲਵੰਤ ਸਿੰਘ ਗੰਗਾਨਗਰ, ਚਾਨਣ ਸਿੰਘ ਚੀਮਾ, ਜਸਪਾਲ ਸਿੰਘ ਭੂਸੇ, ਸੁਰਜੀਤ ਸਿੰਘ ਛੀਨਾ ਬਿਧੀਚੰਦ, ਗੁਰਸੇਵਕ ਸਿੰਘ ਖੈਰਦੀ ਆਦਿ ਹਾਜ਼ਰ ਸਨ ➡

ਲੋਕ ਸ਼ੈਰੀ ਕਲਸੀ ਨਾਲ ਚੱਟਾਨ ਵਾਂਗ ਖੜ੍ਹੇ: ਹੈਪੀ ਮਸੀਹ, ਅਜੈ ਮਸੀਹ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਪਿਛਲੇ ਦਿਨੀਂ ਸੁਖਪਾਲ ਸਿੰਘ ਖਹਿਰਾ ਕਾਂਗਰਸੀ ਆਗੂ ਵੱਲੋਂ ਬਾਬਾ ਬਕਾਲੇ ਦੇ ਇੱਕ ਸਕੂਲ ਦੇ ਬਾਹਰ ਖੜ੍ਹੇ ਹੋ ਕੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਉਪਰ ਲਗਾਏ ਗਏ ਸਾਰੇ ਦੋਸ਼ ਝੂਠੇ ਅਤੇ ਬੇ-ਬੁਨਿਆਦ ਸਾਬਿਤ ਹੋਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਥੇ ਗੁਲਾਮ ਨਬੀ ਵਿਖੇ ਸੀਨੀਅਰ ਆਪ ਆਗੂ ਹੈਪੀ ਮਸੀਹ ਮੋਮਨ ਅਤੇ ਅਜੈ ਮਸੀਹ ਜੈਕਸ ਸਮੇਤ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਪੱਤਰਕਾਰਾਂ ਨਾਲ ਕੀਤਾ। ਹੈਪੀ ਮਸੀਹ ਮੋਮਨ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਫੋਕੀ ਸ਼ੋਹਰਤ ਲੈਣ ਲਈ ਘਟੀਆ ਰਾਜਨੀਤੀ ਕਰ ਰਹੇ ਹਨ ਅਤੇ ਸਭ ਝੂਠ ਬੋਲ ਰਹੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਜੋ ਜਾਣਕਾਰੀ 'ਸ਼ੈਰੀ ਕਲਸੀ ਦੀ ਥਾਂ ਕੋਈ ਹੋਰ ਪੇਪਰ ਦੇ ਰਿਹਾ' ਸਬੰਧੀ ਦਿੱਤੀ ਉਹ ਪੂਰੀ ਤਰ੍ਹਾਂ ਗਲਤ ਸਾਬਤ ਹੋਈ ਹੈ। ਹੈਪੀ ਮਸੀਹ ਨੇ ਕਿਹਾ ਕਿ ਵਿਧਾਇਕ ਕਲਸੀ ਈਮਾਨਦਾਰ ਤੇ ਅਗਾਂਹਵਧੂ ਸੋਚ ਵਾਲੇ ਇਨਸਾਨ ਹਨ। ਉਨ੍ਹਾਂ ਨੇ ਹਲਕੇ ਅੰਦਰ ਲੋਕਾ ਨਾਲ ਪਿਆਰ-ਸਤਿਕਾਰ ਵਧਾਇਆ ਹੈ ਜਿਸ ਦੀ ਬਦੌਲਤ ਉਨ੍ਹਾਂ ਦਾ ਸਿਆਸੀ ਕੱਦ ਵੀ ਉੱਚਾ ਹੋਇਆ ਹੈ। ਉਨ੍ਹਾਂ ਕਿਹਾ ਕਿ ਹਲਕੇ ਦਾ ਸਾਰਾ ਮਸੀਹ ਭਾਈਚਾਰਾ ਵਿਧਾਇਕ ਕਲਸੀ ਦੇ ਨਾਲ ਮਜ਼ਬੂਤੀ ਨਾਲ ਖੜਾ ਹੈ। ਹੈਪੀ ਮਸੀਹ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਕੀਤੀ ਗਈ ਇਹ ਹਰਕਤ ਅਤਿ ਨਿੰਦਣਯੋਗ ਹੈ। ਇਸ ਹਰਕਤ ਨਾਲ ਹਲਕੇ ਦੇ ਲੋਕਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਅਮਨਦੀਪ ਸਿੰਘ ਨੰਬਰਦਾਰ, ਸੁਨੀਤਾ ਮਹਿਲਾ ਵਿੰਗ, ਨਿਸ਼ਾਨ ਸਿੰਘ ਫੌਜੀ, ਵਾਰਿਸ ਸਰਪੰਚ ਪਿੰਡ ਥੇ ਗੁਲਾਮ ਨਬੀ, ਬਲਜੀਤ ਸਿੰਘ ਸਾਬਕਾ ਸਰਪੰਚ, ਗੁਰਪ੍ਰੀਤ ਸਿੰਘ ਧਾਲੀਵਾਲ, ਮੋਹਿੰਦਰ ਸਿੰਘ ਠੇਕੇਦਾਰ ਅਤੇ ਪਿੰਡ ਦੇ ਲੋਕ ਹਾਜ਼ਰ ਸਨ।

ਵਿਲੱਖਣ ਪੈੜਾਂ ਸਿਰਜ ਗਿਆ ਭਾਸ਼ਾ ਵਿਭਾਗ ਪਠਾਨਕੋਟ ਦਾ 'ਵਿਸ਼ਵ ਰੰਗਮੰਚ ਦਿਵਸ'

ਪਠਾਨਕੋਟ (ਦਵਿੰਦਰ ਸਿੰਘ)-ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਅਤੇ ਅਗਵਾਈ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਵੱਲੋਂ 'ਵਿਸ਼ਵ ਰੰਗਮੰਚ ਦਿਵਸ' ਨੂੰ ਸਮਰਪਿਤ ਸਮਾਰੋਹ ਐੱਸ. ਐੱਮ. ਡੀ. ਆਰ. ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਕਰਵਾਇਆ ਗਿਆ। ਇਸ ਸਮਾਰੋਹ ਦੀ ਖ਼ਾਸੀਅਤ ਇਹ ਰਹੀ ਕਿ ਇਹ ਨਾਟਕਕਾਰਾਂ, ਰੰਗਕਰਮੀਆਂ ਤੇ ਸਾਹਿਤ ਪ੍ਰੇਮੀਆਂ ਦਾ ਮੇਲਾ ਹੋ ਨਿੱਬੜਿਆ ਤੇ ਵਿਲੱਖਣ ਪੈੜਾਂ ਸਿਰਜ ਗਿਆ। ਇਸ ਸਮਾਰੋਹ ਵਿੱਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਜੰਮੂ-ਕਸ਼ਮੀਰ ਦੇ ਪ੍ਰਧਾਨ ਹਰਦੀਪ ਸਿੰਘ ਦੀਪ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਜਦਕਿ ਨਾਟਕਕਾਰ ਡਾ. ਦਰਸ਼ਨ ਤ੍ਰਿਪਾਠੀ ਅਤੇ ਸਾਹਿਤਕਾਰ ਤੇ ਰੰਗਕਰਮੀ ਡਾ. ਬਾਂਕਾ ਬਹਾਦਰ ਅਰੋੜਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦਾ ਆਗਾਜ਼ ਵਿਭਾਗੀ ਧੁਨੀ ਨਾਲ ਕੀਤਾ ਗਿਆ ਤੇ ਇਸ ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਮਿਨਾਕਸ਼ੀ ਵਿੱਗ ਹੋਰਾਂ ਨੇ ਸਵਾਗਤੀ ਬੋਲਾਂ ਰਾਹੀਂ ਸਭ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਵਿਸ਼ਵ ਰੰਗਮੰਚ ਦਿਵਸ ਦੀ ਸਭ ਨੂੰ ਮੁਬਾਰਕਬਾਦ ਦਿੱਤੀ।

ਉਨ੍ਹਾਂ ਨੇ ਵਿਭਾਗ ਦੇ ਕੀਤੇ ਜਾ ਰਹੇ ਕੰਮਾਂ 'ਤੇ ਵੀ ਰੌਸ਼ਨੀ ਪਾਈ। ਡਾ. ਸੰਦੀਪ ਕੌਰ ਤੇ ਸਰਬਜੀਤ ਕੌਰ ਵੱਲੋਂ ਪੰਜਾਬੀ ਨਾਟਕ ਤੇ ਰੰਗਮੰਚ ਦੀ ਅਜੋਕੀ ਸਥਿਤੀ ਤੇ ਵਿਸ਼ਵ ਰੰਗਮੰਚ ਦਿਵਸ ਦੇ ਇਤਿਹਾਸ ਤੇ ਮਹੱਤਵ ਵਿਸ਼ੇ 'ਤੇ ਬਹੁਤ ਭਾਵਪੂਰਤ ਤੇ ਵਿਦਵਤਾ ਭਰਪੂਰ ਪੇਪਰ ਪੜ੍ਹੇ ਗਏ। ਲੈਫਟੀਨੈਂਟ ਕਮਾਂਡਰ ਪਰਸ਼ੋਤਮ ਸਿੰਘ ਲੱਲੀ ਦੀ ਲਘੂ ਨਾਟਕਾਂ ਦੀ ਪੁਸਤਕ 'ਬੰਤੋ ਦਾ ਗੁਨਾਹਗਾਰ' ਲੋਕ ਅਰਪਣ ਕੀਤੀ ਗਈ। ਸਤੀਸ਼ ਵਸ਼ਿਸ਼ਠ ਹੋਰਾਂ ਨੇ ਸੰਗੀਤ ਰਾਹੀਂ, ਡਾ. ਬਾਂਕਾ ਬਹਾਦਰ ਅਰੋੜਾ ਨੇ ਅਤੇ ਸੰਦੇਸ਼ ਭੱਲਾ ਨੇ ਅਦਾਕਾਰੀ ਦੇ ਰੰਗ ਬਿਖੇਰ ਕੇ ਦਰਸ਼ਕਾਂ ਨੂੰ ਕੀਲ ਦਿੱਤਾ। ਡਾ. ਦਰਸ਼ਨ ਤ੍ਰਿਪਾਠੀ ਹੋਰਾਂ ਨੇ ਨਾਟਕਕਾਰੀ ਦੇ ਸੂਖਮ ਬਿੰਦੂਆਂ 'ਤੇ ਚਰਚਾ ਕੀਤੀ।

ਟਰੈਫਿਕ ਐਜੂਕੇਸ਼ਨ ਸੈੱਲ ਨੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੁਲਸ ਕਮਿਸ਼ਨਰ ਨੌਨਿਹਾਲ ਸਿੰਘ, ਏਡੀਸੀਪੀ ਟਰੈਫਿਕ ਅਮਨਦੀਪ ਕੌਰ ਦੀਆਂ ਹਦਾਇਤਾਂ ਅਨੁਸਾਰ ਟਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਸਬ ਇੰਸਪੈਕਟਰ ਦਲਜੀਤ ਸਿੰਘ ਵੱਲੋਂ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਮੈਟਰੋ ਬੱਸ ਵਿੱਚ ਸਫਰ ਕਰਨ ਵਾਲੇ ਖਾਲਸਾ ਕਾਲਜ, ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਆਮ ਪਬਲਿਕ ਨੂੰ ਆਪਣੇ ਵਹੀਕਲ ਬੀਆਰਟੀਐੱਸ (ਮੈਟਰੋ ਬੱਸ) ਲੇਨ ਵਿਚ ਨਾ ਚਲਾਉਣ ਬਾਰੇ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਰੇਲਵੇ ਸਟੇਸ਼ਨ ਉਪਰ ਸ੍ਰੀ ਦਰਬਾਰ ਸਾਹਿਬ ਜਾਣ ਵਾਲੀ ਸੰਗਤ ਨੂੰ ਕਿਸੇ ਕੋਲੋਂ ਪ੍ਰਸ਼ਾਦ ਨਾ ਲੈ ਕੇ ਖਾਣ, ਆਪਣਾ ਸਾਮਾਨ ਅਤੇ ਆਪਣੇ ਬੱਚਿਆਂ ਦਾ ਧਿਆਨ ਰੱਖਣ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਆਟੋ-ਰਿਕਸ਼ਾ ਸਟੈਂਡ, ਰੇਲਵੇ ਸਟੇਸ਼ਨ ਡਰਾਈਵਰਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਅਤੇ ਆਟੋ ਨੂੰ ਸਹੀ ਜਗ੍ਹਾ ਪਾਰਕਿੰਗ ਕਰਨ ਦੀ ਹਦਾਇਤ ਵੀ ਕੀਤੀ ਗਈ। ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਮਿਸ਼ਨਰੇਟ ਅੰਮ੍ਰਿਤਸਰ ਵੱਲੋਂ ਆਈਆਂ ਹਦਾਇਤਾਂ ਸੰਬੰਧੀ ਜਾਗਰੂਕ ਕੀਤਾ। ਪ੍ਰਸ਼ਾਸਨ ਅਤੇ ਟਰੈਫਿਕ ਪੁਲਸ ਦਾ ਸਹਿਯੋਗ ਕਰਨ ਲਈ ਵੀ ਬੇਨਤੀ ਕੀਤੀ ਗਈ।

ਚੇਅਰਮੈਨ ਬਲਬੀਰ ਪਨੂੰ ਨੇ ਦਬੁਰਜੀ ਵਿਖੇ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ

ਬਟਾਲਾ/ਫਤਹਿਗੜ੍ਹ ਚੂੜੀਆਂ (ਤਰਲੋਕ ਬੱਗਾ)-ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਤੇ ਹਲਕਾ ਇੰਚਾਰਜ ਫਤਹਿਗੜ੍ਹ ਚੂੜੀਆਂ ਵਲੋਂ ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡ ਦਬੁਰਜੀ ਵਿਖੇ ਨਵੇਂ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਸੁਖਦੇਵ ਸਿੰਘ, ਦਲਜੀਤ ਸਿੰਘ, ਗੁਰਵਿੰਦਰ ਸਿੰਘ, ਜਸਬੀਰ ਸਿੰਘ, ਦੀਪ ਸਿੰਘ, ਅਮੋਲਕ ਸਿੰਘ, ਬਲਜੀਤ ਸਿੰਘ, ਪੰਨੂ, ਮਨਜੀਤ ਸਿੰਘ ਫੌਜੀ, ਹਰਬੰਸ ਸਿੰਘ, ਪੁਨੀਤ ਸਿੰਘ, ਹਰਭੇਜ ਸਿੰਘ, ਇੰਦਰ ਸਿੰਘ, ਬਲਜੀਤ ਸਿੰਘ, ਮੇਜਰ ਸਿੰਘ ਅਤੇ ਇਸ ਤੋਂ ਇਲਾਵਾ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ, ਸੰਦੀਪ ਸਿੰਘ, ਗੁਰਮੁਖ ਸਿੰਘ, ਕਰਮਜੀਤ ਸਿੰਘ ਤੇ ਰਾਮ ਸਿੰਘ ਹਾਜ਼ਰ ਸਨ। ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਪਨੂੰ ਨੇ ਕਿਹਾ ਕਿ ਪੰਜਾਬ ਨੂੰ ਮੁੜ ਖੇਡਾਂ ਵਿੱਚ ਅੱਗੇ ਲਿਜਾਣ ਲਈ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਰਾਜ ਸਰਕਾਰ, ਸੂਬੇ ਵਿੱਚ ਖੇਡ ਪੱਖੀ ਮਾਹੌਲ ਸਿਰਜਣ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ ਤੇ ਸੂਬੇ ਅੰਦਰ ਖੇਡ ਸੱਭਿਆਚਾਰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕਰਦਿਆਂ ਚੇਅਰਮੈਨ ਪਨੂੰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਲਬੀਰ ਸਿੰਘ ਸੀਨੀਅਰ ਵਜ਼ੀਫਾ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਕੌਮੀ ਪੱਧਰ ਉਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ 8 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣੇ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਅਜਿਹੇ ਯਤਨਾਂ ਨਾਲ ਪੰਜਾਬ ਖੇਡਾਂ ਦੇ ਖੇਤਰ ਵਿੱਚ ਇੱਕ ਵਾਰ ਫਿਰ ਮੋਹਰੀ ਬਣੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਸਟੇਡੀਅਮ ਦੀ ਉਸਾਰੀ ਨਾਲ ਦਬੁਰਜੀ ਅਤੇ ਹੋਰ ਨੇੜਲੇ ਪਿੰਡਾਂ ਦੇ ਖਿਡਾਰੀਆਂ ਨੂੰ ਖੇਡਾਂ ਵਿੱਚ ਮੱਲਾਂ ਮਾਰਨ ਦੇ ਹੋਰ ਮੌਕੇ ਮਿਲਣਗੇ।

ਸੋਮ ਪ੍ਰਕਾਸ਼ ਨੇ ਕੀਤਾ ਸਿਵਲ ਏਅਰਪੋਰਟ ਦਾ ਦੌਰਾ

ਆਦਮਪੁਰ - (ਪਰਮਜੀਤ ਸਿਘ) ਕੇਂਦਰ ਸਰਕਾਰ ਵਲੋਂ ਬਣਾਏ ਗਏ ਸਿਵਲ ਏਅਰਪੋਰਟ ਆਦਮਪੁਰ ਜੋ ਕੇ ਲੱਗਭਗ 100 ਕਰੋੜ ਦੀ ਲਾਗਤ ਨਾਲ ਪੂਰੀ ਤਰ੍ਹਾਂ ਬਣ ਕੇ ਤਿਆਰ ਹੋ ਗਿਆ ਜਿਸਦਾ ਜਾਇਜਾ ਲੈਣ ਲਈ ਕੇਂਦਰ ਦੀ ਮੋਦੀ ਸਰਕਾਰ ਦੇ ਮੰਤਰੀ ਸੋਮ ਪ੍ਰਕਾਸ਼ ਪੁੱਜੇ ਏਅਰਪੋਰਟ ਦੇ ਬਾਹਰ ਕੇਂਦਰੀ ਮੰਤਰੀ ਦਾ ਸਵਾਗਤ ਕਰਨ ਭਾਜਪਾ ਦੇ ਸਰਕਲ ਆਦਮਪੁਰ ਪ੍ਰਧਾਨ ਰਾਜੀਵ ਕੁਮਾਰ ਸਿੰਗਲਾ,ਮਹਿਲਾ ਮੋਰਚਾ ਪ੍ਰਧਾਨ ਜ਼ਿਲ੍ਹਾ ਦਿਹਾਤੀ ਨਿਧੀ ਤਿਵਾੜੀ,ਵਿਕਰਮ ਸਿੰਘ ਵਿੱਕੀ ਜ਼ਿਲ੍ਹਾ ਦਿਹਾਤੀ ਪ੍ਰਧਾਨ ਉਬੀਸੀ ਮੋਰਚਾ,ਹਰੀਸ਼ ਚੰਦਰ ਮੈਂਬਰ ਜ਼ਿਲ੍ਹਾ ਕਾਰਜਕਾਰੀ ਕਮੇਟੀ, ਸੁਖਵੀਰ ਸਿੰਘ ਕੁੱਕੀ ਤੇ ਹੋਰ ਬੀਜੇਪੀ ਵਰਕਰਾਂ ਨੇ ਗੁਲਦਸਤਾ ਭੇਂਟ ਕੀਤਾ। ਉਪਰੰਤ ਏਅਰਪੋਰਟ ਦੇ ਅੰਦਰ ਆਉਣ 'ਤੇ ਜਨਰਲ ਮੈਨੇਜਰ ਏਅਰਪੋਰਟ ਅਥਾਰਿਟੀ ਅਨਿਲ ਕੁਮਾਰ ਰਾਏ, ਡਾਇਰੈਕਟਰ ਮੈਡਮ ਕਮਲਜੀਤ ਕੋਰ, ਏ.ਸੀ. ਸ਼ੀਵਾਸਤਵਾ ਨੇ ਸਵਾਗਤ ਕੀਤਾ । ਉਨ੍ਹਾਂ ਕੇਂਦਰੀ ਏਅਰਪੋਰਟ ਦੀ ਪੂਰੀ ਤਰ੍ਹਾਂ ਬਣ ਕੇ ਤਿਆਰ ਹੋਈ ਨਵੀਂ ਬਣੀ ਬਿਲਡਿੰਗ ਦਾ ਜਾਇਜਾ ਲਿਆ । ਉਪਰੰਤ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਕਰੀਬ 100 ਕਰੋੜ ਰੁਪਏ ਦੀ ਲਾਗਤ ਨਾਲ ਸਿਵਲ ਏਅਰਪੋਰਟ ਆਦਮਪੁਰ ਦੀ ਇਮਾਰਤ ਲੱਗਭਗ ਤਿਆਰ ਹੋ ਗਈ ਹੈ ਤੇ ਜਲਦ ਹੀ ਇਸਨੂੰ ਜਾਣ ਵਾਲੀ ਵਾਲੀ ਫੇਰ ਲਾਇਨ ਨੂੰ ਵੀ ਜਲਦ ਪੂਰਾ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦ ਹੀ ਇਥੋਂ ਦਿੱਲੀ,ਜੈਪੁਰ ਤੇ ਭਾਰਤ ਦੀਆਂ ਹੋਰ ਸਟੇਟਾਂ ਨੂੰ ਉਡਾਣਾਂ ਸ਼ੁਰੂ ਹੋ ਜਾਣਗੀਆਂ। ਇਸ ਮੌਕੇ ਐਸ.ਡੀ.ਐਮ 1 ਜੈ ਇੰਦਰ ਸਿੰਘ, ਤਹਿਸੀਲਦਾ

30-march-PAGE-4.qxd 3/29/2023 10:40 PM Page 1

ਨਵਾਂ ਜ਼ਮਾਨਾ
ਵੀਰਵਾਰ, 30 ਮਾਰਚ 2023

ਵਿਗਿਆਨਕ ਖੋਜਾਂ ਨੂੰ ਪੂੰਜੀਵਾਦ ਦਾ ਗ੍ਰਹਿਣ

ਮਨੁੱਖੀ ਜੀਵਨ ਨੂੰ ਸੁਖਾਲਾ ਬਣਾਉਣ ਤੇ ਕੁਦਰਤੀ ਆਫ਼ਤਾਂ ਦੇ ਮੁਕਾਬਲੇ ਲਈ ਮਨੁੱਖ ਨਵੀਂਆਂ ਤੋਂ ਨਵੀਂਆਂ ਖੋਜਾਂ ਕਰਦਾ ਰਿਹਾ ਹੈ। ਇਸ ਸਮੇਂ ਮਨੁੱਖੀ ਸਮਾਜ ਇੱਕ ਨਵੀਂ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਸਮੁੱਚੇ ਸੰਸਾਰ ਦੇ ਸਾਮਰਾਜ ਦੀ ਜਕੜ ਵਿੱਚ ਆਉਣ ਤੋਂ ਬਾਅਦ ਖੋਜਾਂ ਮਨੁੱਖਾਂ ਦੀ ਥਾਂ ਪੂੰਜੀਵਾਦੀ ਲੋੜਾਂ ਨੂੰ ਪੂਰਾ ਕਰਨ ਦਾ ਜ਼ਰੀਆ ਬਣ ਗਈਆਂ ਹਨ।

ਪੂੰਜੀਵਾਦੀ ਵਿਚਾਰਧਾਰਾ ਵਿੱਚ ਕਿਰਤੀਆਂ ਦੀ ਉਜਰਤ, ਉਨ੍ਹਾਂ ਦੀਆਂ ਜੀਵਨ ਲੋੜਾਂ ਦੀ ਪੂਰਤੀ ਤੇ ਹੋਰ ਸਹੂਲਤਾਂ ਨੂੰ ਘਾਟੇ ਦਾ ਸੌਦਾ ਸਮਝਿਆ ਜਾਂਦਾ ਹੈ। ਇਸ ਲਈ ਮੌਜੂਦਾ ਪੂੰਜੀਵਾਦੀ ਯੁੱਗ ਵਿੱਚ ਨਵੀਂਆਂ ਖੋਜਾਂ ਕਿਰਤੀਆਂ ਦੀ ਲੋੜ ਨੂੰ ਖ਼ਤਮ ਕਰਨ ਜਾਂ ਉਨ੍ਹਾਂ ਦੀ ਨਿਗਰਾਨੀ ਕਰਨ ਦੀ ਦਿਸ਼ਾ ਵਿੱਚ ਹੋ ਰਹੀਆਂ ਹਨ। ਇਸ ਨਾਲ ਸਮਾਜਕ ਸਮੱਸਿਆਵਾਂ ਤਬਾਹੀ ਵਾਲਾ ਰੂਪ ਅਖਤਿਆਰ ਕਰਦੀਆਂ ਜਾ ਰਹੀਆਂ ਹਨ। ਇਸ ਸਮੇਂ ਜਲਵਾਯੂ ਤਬਦੀਲੀ, ਹਵਾ ਪ੍ਰਦੂਸ਼ਣ, ਸਿਹਤ ਸੰਬੰਧੀ ਸਮੱਸਿਆਵਾਂ ਤੇ ਸਮਾਜਕ ਵਿਕਾਸ ਦੇ ਮੁੱਦੇ ਸਮੁੱਚੇ ਸੰਸਾਰ ਨੂੰ ਪ੍ਰਭਾਵਤ ਕਰ ਰਹੇ ਹਨ, ਪਰ ਵਿਗਿਆਨਕ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਖੋਜਾਂ ਕਰਨ ਵਿੱਚ ਰੁਚੀ ਨਹੀਂ ਲੈ ਰਹੇ।

ਪ੍ਰਸਿੱਧ ਸਾਇੰਸ ਮੈਗਜ਼ੀਨ 'ਨੇਚਰ' ਵਿੱਚ ਯੂਨੀਵਰਸਿਟੀ ਆਫ਼ ਮਿਨੇਸੋਟਾ ਦੇ ਵਿਗਿਆਨਕਾਂ ਵੱਲੋਂ ਕੀਤਾ ਗਿਆ ਇੱਕ ਅਧਿਐਨ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਅਧਿਐਨ ਅਨੁਸਾਰ ਅੱਜ ਦੇ ਦੌਰ ਵਿੱਚ ਵਿਗਿਆਨ ਦੇ ਸਾਰੇ ਖੇਤਰਾਂ ਵਿੱਚ ਸ਼ੋਧ ਪੱਤਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ, ਪਰ ਅਫ਼ਸੋਸ ਕਿ ਵਿਗਿਆਨ ਤੇ ਸਮਾਜ ਨੂੰ ਨਵੀਂ ਸੇਧ ਦੇਣ ਵਾਲੀਆਂ ਖੋਜਾਂ ਵਿੱਚ ਤੇਜ਼ੀ ਨਾਲ ਕਮੀ ਆਈ ਹੈ। ਇਸ ਅਧਿਐਨ ਅਨੁਸਾਰ ਸਮਾਜ ਦੀ ਦਿਸ਼ਾ ਬਦਲਣ ਵਿੱਚ ਸਮਰੱਥ ਖੋਜਾਂ ਦੀ ਗਿਣਤੀ ਸਮਾਜ ਵਿਗਿਆਨ ਖੇਤਰ ਅੰਦਰ 91.9 ਫ਼ੀਸਦੀ ਘੱਟ ਹੋ ਗਈ ਹੈ। ਭੌਤਿਕ ਸ਼ਾਸਤਰ ਦੇ ਖੇਤਰ ਵਿੱਚ ਇਹ ਹੋਰ ਵੀ ਘਟ ਗਈ ਹੈ। ਖੋਜਾਂ ਦੀ ਗਿਰਾਵਟ ਦਾ ਅਸਰ ਸ਼ੋਧ ਪੱਤਰਾਂ ਦੀ ਭਾਸ਼ਾ ਵਿੱਚ ਵੀ ਦਿਖਾਈ ਦਿੰਦਾ ਹੈ। ਹੁਣ ਸ਼ੋਧ ਪੱਤਰਾਂ ਵਿੱਚ 'ਬਣਾਉਣਾ' ਤੇ 'ਉਤਪਾਦਨ ਕਰਨਾ' ਦੀ ਥਾਂ 'ਸੁਧਾਰਨਾ' ਤੇ 'ਬਦਲਣਾ' ਵਰਗੇ ਸ਼ਬਦਾਂ ਨੇ ਲੈ ਲਈ ਹੈ। ਇਸ ਤੋਂ ਸਪੱਸ਼ਟ ਹੈ ਕਿ ਵਿਗਿਆਨਕਾਂ ਵੱਲੋਂ ਕੀਤੀਆਂ ਜਾਂਦੀਆਂ ਖੋਜਾਂ ਹੁਣ ਨਵੀਂਆਂ ਨਹੀਂ, ਸਗੋਂ ਪਹਿਲੀਆਂ ਖੋਜਾਂ ਵਿੱਚ ਸੁਧਾਰ ਜਾਂ ਤਬਦੀਲੀ ਕਰਨ ਨਾਲ ਸੰਬੰਧਤ ਹੁੰਦੀਆਂ ਹਨ। ਇਹ ਅਧਿਐਨ ਵਿਗਿਆਨਕਾਂ ਨੇ 1945 ਤੋਂ 2010 ਵਿਚਕਾਰ ਸਾਰੇ ਖੇਤਰਾਂ ਦੇ 4.5 ਕਰੋੜ ਸ਼ੋਧ ਪੱਤਰਾਂ ਨੂੰ ਖੰਗਾਲ ਕੇ ਕੀਤਾ ਹੈ।

ਵਿਗਿਆਨ ਵਿੱਚ ਨਵੀਂਆਂ ਖੋਜਾਂ ਨਾ ਹੋਣ ਕਾਰਨ ਪੂਰੀ ਦੁਨੀਆ ਪ੍ਰਭਾਵਤ ਹੋ ਰਹੀ ਹੈ। ਪਿਛਲੇ 15 ਸਾਲਾਂ ਦੌਰਾਨ ਵਿਸ਼ਵ ਪੱਧਰ 'ਤੇ ਅਰਥ-ਵਿਵਸਥਾ ਦੀ ਵਾਧਾ ਦਰ ਇਸ ਤੋਂ ਪਹਿਲੇ 15 ਸਾਲਾਂ ਨਾਲੋਂ ਅੱਧੀ ਰਹਿ ਗਈ ਹੈ। ਇਸ ਦੇ ਬਾਵਜੂਦ ਪੂੰਜੀਪਤੀਆਂ ਦੀ ਜਾਇਦਾਦ ਵਧ ਰਹੀ ਹੈ ਤੇ ਨਾਲ ਦੀ ਨਾਲ ਗਰੀਬਾਂ ਦੀ ਗਿਣਤੀ ਵੀ ਵਧ ਰਹੀ ਹੈ। ਇਸ ਨੇ ਅਮੀਰ ਗਰੀਬ ਦਾ ਪਾੜਾ ਸਿਖਰ 'ਤੇ ਪੁਚਾ ਦਿੱਤਾ ਹੈ। ਇਹ ਗੈਰਬਰਾਬਰੀ ਅਮੀਰ ਸਨਅਤੀ ਦੇਸ਼ਾਂ ਵਿੱਚ ਵੀ ਖ਼ਤਰਨਾਕ ਪੱਧਰ 'ਤੇ ਪਹੁੰਚ ਚੁੱਕੀ ਹੈ।

ਸਮਾਜ ਮੁਖੀ ਵਿਗਿਆਨਕ ਖੋਜਾਂ ਵਿੱਚ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਵਿਗਿਆਨਕ ਸੰਸਥਾਵਾਂ ਉੱਤੇ ਪੂੰਜੀਪਤੀਆਂ ਦਾ ਕਬਜ਼ਾ ਹੈ। ਇਸ ਸਮੇਂ ਸਰਕਾਰਾਂ ਸਿੱਖਿਆ ਦੇ ਖੇਤਰ ਵਿੱਚੋਂ ਬਾਹਰ ਹੋ ਚੁੱਕੀਆਂ ਹਨ ਤੇ ਪੂੰਜੀਪਤੀਆਂ ਨੇ ਇਨ੍ਹਾਂ ਨੂੰ ਹੜੱਪ ਲਿਆ ਹੈ। ਪੂੰਜੀਪਤੀ ਦਾ ਤਾਂ ਧਰਮ ਹੀ ਮੁਨਾਫ਼ਾ ਕਮਾਉਣਾ ਹੁੰਦਾ ਹੈ। ਪੂੰਜੀਪਤੀ ਉੱਥੇ ਹੀ ਨਿਵੇਸ਼ ਕਰਦਾ ਹੈ, ਜਿੱਥੋਂ ਉਸ ਨੂੰ ਫਾਇਦਾ ਪਹੁੰਚੇ। ਪੂੰਜੀਵਾਦ ਨੂੰ ਜਨਤਾ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਸੇ ਕਾਰਨ ਹੀ ਅੱਜ ਵਿਗਿਆਨਕ ਸੰਸਥਾਵਾਂ ਦਾ ਕੰਮ ਸਿਰਫ਼ ਪੂੰਜੀਵਾਦ ਦੇ ਲਾਭ ਤੱਕ ਸਿਮਟ ਕੇ ਰਹਿ ਗਿਆ ਹੈ।

ਦਿਨੋ-ਦਿਨ ਵਧ ਰਹੀ ਕੈਂਸਰ ਦੀ ਭਿਆਨਕ ਬਿਮਾਰੀ

ਸੁਖਪਾਲ ਸਿੰਘ ਢਿੱਲੋਂ

ਪੀਣ ਵਾਲੇ ਮਾੜੇ ਪਾਣੀ, ਮਾੜੀਆਂ ਖਾਧ ਖੁਰਾਕਾਂ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਤੇ ਪ੍ਰਦੂਸ਼ਿਤ ਹੋ ਚੁੱਕੇ ਵਾਤਾਵਰਨ ਕਾਰਨ ਦਿਨੋਂ-ਦਿਨ ਵਧ ਰਹੀ ਕੈਂਸਰ ਦੀ ਭਿਆਨਕ ਬਿਮਾਰੀ ਕਰਕੇ ਨਿੱਤ ਰੋਜ਼ ਮੌਤਾਂ ਹੋ ਰਹੀਆਂ ਹਨ ਤੇ ਵੱਡੀ ਗਿਣਤੀ ਵਿਚ ਲੋਕ ਇਸ ਬਿਮਾਰੀ ਤੋਂ ਪੀੜਤ ਹਨ । ਕੈਂਸਰ ਦੀ ਮਾਰ ਨੇ ਪਿੰਡਾਂ ਦੇ ਪਿੰਡ ਖਾ ਲਏ ਹਨ। ਮਾਲਵੇ ਦਾ ਕੋਈ ਵੀ ਅਜਿਹਾ ਪਿੰਡ ਨਹੀਂ ਬਚਿਆ, ਜਿੱਥੇ ਕੈਂਸਰ ਦੀ ਬਿਮਾਰੀ ਕਰਕੇ ਮੌਤਾਂ ਨਾ ਹੋਈਆਂ ਹੋਣ । ਮਾਲਵਾ ਬੈਲਟ 'ਚ ਕੈਂਸਰ ਦਾ ਕਹਿਰ ਜਾਰੀ ਹੋਣ ਕਰਕੇ ਮਾਲਵੇ ਦੇ ਪਿੰਡਾਂ ਨੂੰ ਕੈਂਸਰ ਬੈਲਟ ਵੀ ਕਿਹਾ ਜਾਂਦਾ ਹੈ । ਕੈਂਸਰ ਦੇ ਇਲਾਜ ਲਈ ਲੋਕਾਂ ਦੀਆਂ ਜ਼ਮੀਨਾਂ ਤੱਕ ਵਿਕ ਚੁੱਕੀਆਂ ਹਨ, ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਨਾਮੁਰਾਦ ਬਿਮਾਰੀ 'ਤੇ ਠੱਲ੍ਹ ਪਾਉਣ ਲਈ ਕੋਈ ਕਦਮ ਨਹੀਂ ਚੁੱਕੇ, ਜਿਸ ਕਰਕੇ ਹਾਲਤ ਇੰਨੀ ਖਰਾਬ ਹੋ ਚੁੱਕੀ ਹੈ ਕਿ ਹੁਣ ਗੱਲ ਵੱਸੋਂ ਬਾਹਰ ਹੋ ਚੁੱਕੀ ਹੈ।

ਕੀ ਹੈ ਕੈਂਸਰ ਦਾ ਕਾਰਨ : ਪੰਜਾਬ ਵਿਚ ਲਗਾਤਾਰ ਧਰਤੀ ਹੇਠਲੇ ਪਾਣੀ ਪ੍ਰਦੂਸ਼ਿਤ ਹੁੰਦੇ ਜਾ ਰਹੇ ਹਨ । ਇਸ ਤੋਂ ਇਲਾਵਾ ਫਸਲਾਂ 'ਤੇ ਅੰਨ੍ਹੇਵਾਹ ਕੀਟਨਾਸ਼ਕਾਂ ਦਾ ਛਿੜਕਾਓ ਤੇ ਵਾਤਾਵਰਣ ਗੰਧਲਾ ਹੋਣਾ ਕੈਂਸਰ ਬੈਲਟ ਪੈਦਾ ਹੋਣ ਦਾ ਇਕ ਵੱਡਾ ਕਾਰਨ ਹੈ। ਪੰਜਾਬ ਵਿਚ ਜ਼ਿਆਦਾ ਥਾਵਾਂ ਉੱਤੇ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ।

ਜਿਨ੍ਹਾਂ ਇਲਾਕਿਆਂ ਵਿਚ ਪਾਣੀ ਪ੍ਰਦੂਸ਼ਿਤ ਹੋਇਆ ਹੈ, ਉਨ੍ਹਾਂ ਇਲਾਕਿਆਂ ਵਿਚ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਵੀ ਜ਼ਿਆਦਾ ਪੈਰ ਪਸਾਰ ਰਹੀ ਹੈ। ਬਠਿੰਡਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ, ਸੰਗਰੂਰ ਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਵੀ ਕੈਂਸਰ ਨੇ ਆਪਣੇ ਪੈਰ ਪਸਾਰੇ ਹਨ, ਜਿੱਥੇ ਹਜ਼ਾਰਾਂ ਲੋਕ ਇਸ ਦੀ ਲਪੇਟ ਵਿਚ ਆ ਚੁੱਕੇ ਹਨ।

ਪਿਛਲੇ ਸਾਲਾਂ ਵਿਚ ਕੈਂਸਰ ਦੇ ਵਧ ਰਹੇ ਕਹਿਰ ਉੱਤੇ ਲਗਾਤਾਰ ਖੋਜਾਂ ਹੁੰਦੀਆਂ ਰਹੀਆਂ ਹਨ। ਸਿਰਫ਼ ਮਾਲਵਾ ਬੈਲਟ ਵਿਚ ਹੀ ਕੈਂਸਰ ਦੇ ਮਰੀਜ਼ ਨਹੀਂ, ਸਗੋਂ ਗੁਆਂਢੀ ਸੂਬੇ ਹਰਿਆਣਾ ਤੇ ਰਾਜਸਥਾਨ ਵਿਚ ਵੀ ਕੈਂਸਰ ਦੇ ਬੀਜ ਦੀ ਮਾਰ ਪੈ ਰਹੀ ਹੈ। ਦਰਅਸਲ ਸਤਲੁਜ ਦਰਿਆ ਲੁਧਿਆਣਾ ਤੋਂ ਹੁੰਦਾ ਹੋਇਆ ਹਰੀਕੇ ਪੱਤਣ, ਫਿਰ ਰਾਜਸਥਾਨ ਜਾਂਦਾ ਹੈ, ਜਿੱਥੇ ਇਹ ਕੈਂਸਰ ਤੇ ਹੋਰਨਾਂ ਬਿਮਾਰੀਆਂ ਨੂੰ ਜਨਮ ਦਿੰਦਾ ਹੈ।

ਮਿਲੀਆਂ ਰਿਪੋਰਟਾਂ ਅਨੁਸਾਰ ਦੇਸ਼ ਭਰ ਵਿਚ ਹਰ ਸਾਲ ਕੈਂਸਰ ਦੇ 8 ਤੋਂ ਲੈ ਕੇ 10 ਲੱਖ ਮਾਮਲੇ ਸਾਹਮਣੇ ਆ ਰਹੇ ਹਨ, ਜਦੋਂ ਕਿ ਪੰਜਾਬ ਵਿਚ ਹਜ਼ਾਰਾਂ ਮਰੀਜ਼ ਹਨ। ਹਰ ਸਾਲ ਗਿਣਤੀ ਵਧਦੀ ਜਾਂਦੀ ਹੈ । ਹੁਣ ਪੰਜਾਬ ਦੇ ਲੱਗਭੱਗ ਹਰ ਜ਼ਿਲ੍ਹੇ ਤੋਂ ਕੈਂਸਰ ਦੇ ਮਰੀਜ਼ ਸਾਹਮਣੇ ਆ ਰਹੇ ਹਨ।

ਮਾਲਵਾ ਬੈਲਟ ਵਿਚ ਧਰਤੀ ਹੇਠਲੇ ਪਾਣੀ ਦੇ ਸੈਂਪਲ ਫੇਲ੍ਹ ਆ ਰਹੇ ਹਨ, ਕਿਉਂਕਿ ਪਾਣੀ ਪੀਣ ਲਾਇਕ ਨਹੀਂ ਹਨ। ਕੈਂਸਰ ਮਾਲਵੇ 'ਚ ਨਹੀਂ, ਸਗੋਂ ਪੂਰੀ ਧਰਤੀ ਨੂੰ ਹੀ ਹੋ ਚੁੱਕਾ ਹੈ। ਪੰਜਾਬ ਦੀ ਧਰਤੀ ਕੈਂਸਰ ਤੋਂ ਪੀੜਤ ਹੈ । ਲੋਕਾਂ ਦੇ ਨਾਲ-ਨਾਲ ਧਰਤੀ ਦਾ ਇਲਾਜ ਵੀ ਜ਼ਰੂਰੀ ਹੈ ।

ਪੰਜਾਬ ਅਤੇ ਰਾਜਸਥਾਨ ਤੱਕ ਕੈਂਸਰ ਫੈਲਾਉਣ ਵਿਚ ਲੁਧਿਆਣਾ ਦੇ ਬੁੱਢੇ ਨਾਲੇ ਦਾ ਵੀ ਅਹਿਮ ਯੋਗਦਾਨ ਹੈ, ਜੋ ਕੂੰਮ ਕਲਾਂ ਤੋਂ ਡਰੇਨਾਂ ਰਾਹੀਂ ਪੈਦਾ ਹੁੰਦਾ ਹੈ, ਪਰ ਜਦੋਂ ਲੁਧਿਆਣਾ ਸ਼ਹਿਰ ਵਿਚ ਦਾਖਲ ਹੁੰਦਾ ਹੈ ਤਾਂ 15 ਕਿਲੋਮੀਟਰ ਦਾ ਸਫਰ ਤੈਅ ਕਰਨ ਦੌਰਾਨ ਬੁੱਢੇ ਨਾਲੇ ਦਾ ਪਾਣੀ ਇੰਨਾ ਜ਼ਿਆਦਾ ਗੰਦਾ ਤੇ ਜ਼ਹਿਰੀਲਾ ਹੋ ਜਾਂਦਾ ਹੈ ਕਿ ਉਹ ਪੂਰੇ ਇਲਾਕੇ ਨੂੰ ਪੂਰੀ ਤਰ੍ਹਾਂ ਪ੍ਰਦੂਸ਼ਿਤ ਕਰ ਚੁੱਕਾ ਹੈ ਅਤੇ ਸਤਲੁਜ ਦਰਿਆ ਦੇ ਸਾਫ਼ ਪਾਣੀ ਨੂੰ ਵੀ ਪੂਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੰਦਾ ਹੈ। ਇਹ ਪਾਣੀ ਅੱਗੇ ਹਰੀਕੇ ਪੱਤਣ ਤੋਂ ਹੁੰਦਾ ਹੋਇਆ ਰਾਜਸਥਾਨ ਤੱਕ ਜਾਂਦਾ ਹੈ ।

ਸਭ ਤੋਂ ਖਤਰਨਾਕ ਬਿਮਾਰੀ: ਅੱਜ-ਕੱਲ੍ਹ ਭੱਜ ਦੌੜ ਭਰੀ ਜ਼ਿੰਦਗੀ ਅਤੇ ਗਲਤ ਖਾਣ-ਪੀਣ ਕਾਰਨ ਲੋਕਾਂ ਨੂੰ ਕਈ ਗੰਭੀਰ ਬਿਮਾਰੀਆਂ ਹੁੰਦੀਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚੋਂ ਇਕ ਹੈ ਕੈਂਸਰ। ਕੈਂਸਰ ਅੱਜ ਦੇ ਯੁੱਗ ਵਿਚ ਇਕ ਨਾਮੁਰਾਦ ਬਿਮਾਰੀਆਂ ਦੀ ਲਿਸਟ ਵਿੱਚੋਂ ਸਭ ਤੋਂ ਉੱਪਰ ਆਉਣ ਵਾਲੀ ਬਿਮਾਰੀ ਬਣ ਚੁੱਕਾ ਹੈ। ਜਾਣਕਾਰੀ ਮੁਤਾਬਕ ਲੋਕ ਇਸ ਨਾਮੁਰਾਦ ਬਿਮਾਰੀ ਦਾ ਨਾਂਅ ਲੈਣ ਤੋਂ ਵੀ ਗੁਰੇਜ਼ ਕਰਦੇ ਹਨ। ਜਦੋਂ ਕਿਸੇ ਦੇ ਘਰ ਵਿਚ ਕੈਂਸਰ ਦਾ ਨਾਂਅ ਆਉਂਦਾ ਹੈ ਤਾਂ ਲੋਕ ਡਰ ਜਾਂਦੇ ਹਨ। ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਹੋਣ ਵਾਲੀਆਂ ਮੌਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਕੈਂਸਰ ਦਾ ਮਰੀਜ਼ ਇਕ ਵਾਰ ਨਹੀਂ, ਬਲਕਿ ਪਲ-ਪਲ ਮਰਦਾ ਹੈ ਅਤੇ ਬਹੁਤ ਹੀ ਦੁੱਖ ਭਰੀ ਜ਼ਿੰਦਗੀ ਬਤੀਤ ਕਰਦਾ ਹੈ। ਦੂਜੇ ਪਾਸੇ ਕੈਂਸਰ ਦੇ ਇਲਾਜ ਵੀ ਮਹਿੰਗੇ ਹੁੰਦੇ ਹਨ। ਇਸ ਰੋਗ ਦਾ ਡਰ ਅੱਜ ਲੋਕਾਂ ਵਿਚ ਬਹੁਤ ਜ਼ਿਆਦਾ ਬਣਿਆ ਹੋਇਆ ਹੈ।

ਬਲੱਡ ਕੈਂਸਰ ਦੇ ਮਰੀਜ਼ਾਂ ਨੂੰ ਸ਼ੁਰੂਆਤ 'ਚ ਇਸ ਦੇ ਲੱਛਣਾਂ ਦਾ ਪਤਾ ਨਹੀਂ ਚੱਲਦਾ, ਜਿਸ ਕਾਰਨ ਇਹ ਬਿਮਾਰੀ ਗੰਭੀਰ ਰੂਪ ਧਾਰ ਲੈਂਦੀ ਹੈ। ਇਸ ਲਈ ਹਰ ਕਿਸੇ ਨੂੰ ਇਸ ਦੇ ਸ਼ੁਰੂਆਤੀ ਲੱਛਣਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਤਾਂ ਕਿ ਸਮੇਂ ਰਹਿੰਦੇ ਇਸ ਦਾ ਇਲਾਜ ਕਰਵਾਇਆ ਜਾ ਸਕੇ। ਬੜੀ ਹੈਰਾਨੀ ਭਰੀ ਗੱਲ ਹੈ ਕਿ ਪੰਜਾਬ ਵਿਚ ਹਰ ਰੋਜ਼ ਕੈਂਸਰ ਦੇ ਕਾਰਨ ਮੌਤਾਂ ਹੁੰਦੀਆਂ ਹਨ। ਦੇਸ਼ ਅੰਦਰ ਪੰਜਾਬ ਹੀ ਇਕ ਅਜਿਹਾ ਸੂਬਾ ਹੈ, ਜਿੱਥੇ ਕੈਂਸਰ ਦੇ ਕਾਰਨ ਇੰਨੀਆਂ ਮੌਤਾਂ ਹੁੰਦੀਆਂ ਹਨ। ਇੱਥੋਂ ਤੱਕ ਕਿ ਕਿਸੇ ਹੋਰ ਬਾਹਰੀ ਦੇਸ਼ ਤੋਂ ਵੀ ਇੰਨੀਆਂ ਮੌਤਾਂ ਹੋਣ ਦੀ ਖਬਰ ਕਦੇ ਸਾਹਮਣੇ ਨਹੀਂ ਆਈ ਹੈ। ਪੰਜਾਬ ਦੇਸ਼ ਦੇ ਵਿਕਸਿਤ ਸੂਬਿਆਂ ਵਿੱਚੋਂ ਇਕ ਹੈ, ਪਰ ਇਥੇ ਹਰ ਵਕਤ ਕੈਂਸਰ ਦਾ ਕਾਲਾ ਛਾਇਆ ਮੰਡਰਾਅ ਰਿਹਾ ਹੈ। ਮਾਲਵੇ ਵਿਚ ਕੈਂਸਰ ਦੀ ਬਿਮਾਰੀ ਦਿਨੋਂ-ਦਿਨ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ, ਜਿਸ ਕਰਕੇ ਮਾਲਵੇ ਨੂੰ ਕੈਂਸਰ ਦਾ ਇਲਾਕਾ ਵੀ ਕਿਹਾ ਜਾਂਦਾ ਹੈ, ਕਿਉਂਕਿ ਸਭ ਤੋਂ ਵੱਧ ਕੈਂਸਰ ਮਾਲਵੇ ਵਿੱਚ ਪਾਇਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਬਠਿੰਡਾ ਤੋਂ ਇਕ ਰੇਲ ਗੱਡੀ ਬੀਕਾਨੇਰ ਨੂੰ ਜਾਂਦੀ ਹੈ, ਜਿਸ ਵਿਚ ਕੈਂਸਰ ਦੇ ਮਰੀਜ਼ ਅਤੇ ਉਨ੍ਹਾਂ ਨਾਲ ਰਿਸ਼ਤੇਦਾਰ ਹੀ ਜਾਂਦੇ ਹਨ। ਇਸ ਕਰਕੇ ਇਸ ਰੇਲ ਗੱਡੀ ਨੂੰ ਕੈਂਸਰ ਟਰੇਨ ਕਿਹਾ ਜਾਂਦਾ ਹੈ। ਕੈਂਸਰ ਦੇ ਅੰਕੜੇ ਘਟਣ ਦੀ ਬਜਾਏ ਸਗੋਂ ਦਿਨੋਂ-ਦਿਨ ਵਧ ਰਹੇ ਹਨ, ਜੋ ਅਤਿ ਚਿੰਤਾ ਵਾਲੀ ਗੱਲ ਹੈ ।

ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ: ਖੇਤਾਂ ਵਿਚ ਫਸਲਾਂ 'ਤੇ ਅੰਨ੍ਹੇਵਾਹ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਹੋ ਰਹੀ ਹੈ, ਜੋ ਮਨੁੱਖੀ ਸਿਹਤ ਲਈ ਬਹੁਤ ਖਤਰਨਾਕ ਹੈ । ਇਸੇ ਕਰਕੇ ਕੈਂਸਰ ਦੀ ਨਾਮੁਰਾਦ ਬਿਮਾਰੀ ਵਿਚ ਵਾਧਾ ਹੋ ਰਿਹਾ ਹੈ । ਇਸ ਤੋਂ ਇਲਾਵਾ ਰਸਾਇਣਕ ਖਾਦਾਂ ਵੀ ਇਸ ਲਈ ਜ਼ੁੰਮੇਵਾਰ ਹਨ । ਦੇਸ਼ ਭਰ ਵਿੱਚੋਂ ਜੋ ਅੰਕੜੇ ਬੋਲਦੇ ਹਨ, ਉਸ ਅਨੁਸਾਰ ਪੰਜਾਬ ਵਿਚ ਸਭ ਤੋਂ ਵੱਧ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ ।

ਕੈਂਸਰ ਦੀਆਂ ਵੱਖ-ਵੱਖ ਕਿਸਮਾਂ

ਮੂੰਹ ਦਾ ਕੈਂਸਰ : ਮੂੰਹ ਦੇ ਕੈਂਸਰ ਵਿਚ ਰੋਗੀ ਦੇ ਮੂੰਹ ਵਿੱਚੋਂ ਬਦਬੂ ਆਉਣੀ, ਖਾਣ ਅਤੇ ਨਿਗਲਣ ਵਿੱਚ ਤਕਲੀਫ ਹੋਣੀ, ਮੂੰਹ ਵਿੱਚ ਛਾਲੇ ਰਹਿਣੇ ਅਤੇ ਉਨ੍ਹਾਂ ਦਾ ਛੇਤੀ ਠੀਕ ਨਾ ਹੋਣਾ ਆਦਿ ਲੱਛਣ ਮੂੰਹ ਦੇ ਕੈਂਸਰ ਨੂੰ ਦਰਸਾਉਂਦੇ ਹਨ।

ਬ੍ਰੈਸਟ ਕੈਂਸਰ : ਔਰਤਾਂ ਵਿੱਚ ਬ੍ਰੈਸਟ ਕੈਂਸਰ ਹੁਣ ਵਧਦਾ ਹੀ ਜਾ ਰਿਹਾ ਹੈ। ਬ੍ਰੈਸਟ ਕੈਂਸਰ ਦੇ ਰੋਗੀ ਨੂੰ ਸ਼ੁਰੂ ਤੋਂ ਬ੍ਰੈਸਟ ਵਿੱਚ ਦਰਦ ਸਹਿਤ ਗੰਢ ਦਾ ਮਹਿਸੂਸ ਹੋਣਾ, ਬ੍ਰੈਸਟ ਵਿੱਚ ਖੂਨ ਦਾ ਰਿਸਾਅ ਹੋਣਾ, ਕਾਂਖ ਵਿੱਚ ਗੰਢ ਹੋਣਾ, ਚਮੜੀ ਦਾ ਜ਼ਿਆਦਾ ਖੁਰਦਰਾ ਹੋਣਾ, ਚਮੜੀ 'ਤੇ ਸੋਜ ਹੋਣਾ ਆਦਿ ਲੱਛਣ ਹੁੰਦੇ ਹਨ।

ਗੁਰਦੇ ਦਾ ਕੈਂਸਰ : ਇਸ ਕੈਂਸਰ ਵਿਚ ਰੋਗੀ ਨੂੰ ਪਿਸ਼ਾਬ ਦੇ ਰਾਹ ਵਿੱਚ ਖੂਨ ਆਉਂਦਾ ਹੈ, ਪਿੱਠ ਵਿਚ ਲਗਾਤਾਰ ਦਰਦ ਹੁੰਦੇ ਰਹਿਣਾ, ਪੇਟ ਵਿੱਚ ਗੰਢ ਦਾ ਹੋਣਾ ਆਦਿ ਲੱਛਣ ਹੁੰਦੇ ਹਨ।

ਆਮਾਸ਼ਯ ਕੈਂਸਰ : ਅਜਿਹੇ ਰੋਗੀ ਨੂੰ ਭੁੱਖ ਨਾ ਲੱਗਣਾ, ਉਲਟੀਆਂ ਆਉਂਦੇ ਰਹਿਣਾ, ਉਲਟੀ ਅਤੇ ਦਸਤ ਵਿੱਚ ਖੂਨ ਆਉਣਾ, ਭਾਰ ਦਾ ਲਗਾਤਾਰ ਘਟਣਾ ਇਸ ਰੋਗ ਨੂੰ ਦਰਸਾਉਂਦੇ ਹਨ।

ਬਲੱਡ ਕੈਂਸਰ : ਚਮੜੀ 'ਤੇ ਲਾਲ ਚਕੱਤੇ ਉੱਭਰਨੇ, ਵਾਰ-ਵਾਰ ਬੁਖਾਰ ਤੋਂ ਪੀੜਤ ਰਹਿਣਾ, ਸਰੀਰ ਵਿੱਚ ਖੂਨ ਦੀ ਕਮੀ ਬਣੀ ਰਹਿਣਾ, ਗਰਦਨ ਅਤੇ ਪੱਟਾਂ ਵਿੱਚ ਗੰਢ ਬਣ ਜਾਣਾ

30-MAR-PAGE-5.qxd 3/29/2023 10:48 PM Page 1

ਜਨਵਾਦੀ ਮਹਿਲਾ ਸਮਿਤੀ ਤੇ ਭਰਾਤਰੀ ਜਥੇਬੰਦੀਆਂ ਨੇ ਸਾਬਕਾ ਖੇਡ ਮੰਤਰੀ ਦੀ ਬਰਖਾਸਤਗੀ ਮੰਗੀ

ਐੱਫ ਆਈ ਆਰ ਦੇ 90 ਦਿਨ ਪੂਰੇ ਹੋਣ 'ਤੇ ਵੀ ਕੋਈ ਕਾਰਵਾਈ ਨਹੀਂ

ਸਿਰਸਾ (ਸੁਰਿੰਦਰ ਪਾਲ ਸਿੰਘ)—ਜਨਵਾਦੀ ਮਹਿਲਾ ਸਮਿਤੀ ਅਤੇ ਹੋਰ ਕਈ ਜਥੇਬੰਦੀਆਂ ਦੇ ਬੈਨਰ ਹੇਠ ਜਿਨਸੀ ਹਿੰਸਾ ਦੇ ਦੋਸ਼ੀ ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਦੀ ਪਾਰਟੀ ਵਿਚੋਂ ਬਰਖਾਸਤਗੀ ਦੀ ਮੰਗ ਕਰਦੇ ਹੋਏ ਪੂਰੇ ਹਰਿਆਣਾ ਤੋਂ ਇਕੱਠੇ ਕੀਤੇ 30,000 ਤੋਂ ਵੱਧ ਦਸਤਖਤ ਰਾਸ਼ਟਰਪਤੀ ਨੂੰ ਭੇਜੇ ਗਏ। ਹਰਿਆਣਾ ਦੀਆਂ ਔਰਤਾਂ ਅਤੇ ਮਰਦਾਂ ਨੇ ਇਨਸਾਫ਼ ਸੰਘਰਸ਼ ਸਮਿਤੀ ਦੇ ਬੈਨਰ ਹੇਠ ਜਨਵਾਦੀ ਮਹਿਲਾ ਸਮਿਤੀ ਦੀ ਕੌਮੀ ਮੀਤ ਪ੍ਰਧਾਨ ਅਤੇ ਅੰਤਰਰਾਸ਼ਟਰੀ ਭੀਮ ਐਵਾਰਡੀ ਖਿਡਾਰੀ ਜਗਮਤੀ ਸਾਂਗਵਾਨ ਅਤੇ ਸੂਬਾ ਜਨਰਲ ਸਕੱਤਰ ਊਸ਼ਾ ਸਰੋਆ ਸਮੇਤ ਜਨਵਾਦੀ ਮਹਿਲਾ ਸਮਿਤੀ ਦੀ ਕੌਮੀ ਜਨਰਲ ਸਕੱਤਰ ਮਰੀਅਮ ਧਾਵਲੇ ਨੇ ਪ੍ਰਦਰਸ਼ਨਕਾਰੀ ਔਰਤਾਂ ਨੂੰ ਸੰਬੋਧਨ ਕੀਤਾ।ਇਸ ਰੋਸ ਧਰਨੇ ਵਿੱਚ ਪੀੜਤ ਖਿਡਾਰਨ ਦੇ ਪਿਤਾ ਹਰਪਾਲ ਸਿੰਘ ਡਾਗਰ ਵੀ ਹਾਜ਼ਰ ਸਨ। ਬੁਲਾਰਿਆਂ ਦਾ ਕਹਿਣਾ ਸੀ ਕਿ ਹਰਿਆਣਾ ਦੀ ਭਾਜਪਾ ਸਰਕਾਰ ਦੇ ਔਰਤ ਵਿਰੋਧੀ ਵਤੀਰੇ ਕਾਰਨ ਦੋਸ਼ੀ ਮੰਤਰੀ ਸੰਦੀਪ ਸਿੰਘ ਨੂੰ ਨਾ ਤਾਂ ਮੰਤਰੀ ਮੰਡਲ ਤੋਂ ਹਟਾਇਆ ਗਿਆ ਹੈ ਅਤੇ ਨਾਂ ਹੀ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐੱਫਆਈਆਰ ਨੂੰ 90 ਦਿਨ ਪੂਰੇ ਹੋਣ ਵਾਲੇ ਹਨ ਪਰ ਹਾਲੇ ਤੱਕ ਪੁਲਸ ਵੱਲੋਂ ਚਲਾਨ ਪੇਸ਼ ਨਹੀਂ ਕੀਤਾ ਗਿਆ।ਇਸ ਪੂਰੇ ਅਰਸੇ ਦੌਰਾਨ ਸੰਦੀਪ ਸਿੰਘ ਨੇ ਮੰਤਰੀ ਵਰਗੇ ਪ੍ਰਭਾਵਸ਼ਾਲੀ ਅਹੁਦੇ ਤੇ ਰਹਿੰਦਿਆਂ ਪੀੜਤ ਲੜਕੀ ਨੂੰ ਬਦਨਾਮ ਕਰਨ ਅਤੇ ਪੁਲਸ ਦੀ ਜਾਂਚ ਨੂੰ ਪ੍ਰਭਾਵਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਜਨਵਾਦੀ ਮਹਿਲਾ ਸਮਿਤੀ ਹਰਿਆਣਾ ਦੀ ਸੂਬਾ ਪ੍ਰਧਾਨ ਸਵਿਤਾ ਦਾ ਕਹਿਣਾ ਹੈ ਕਿ ਇਸ ਪੂਰੇ ਅਰਸੇ ਦੌਰਾਨ ਸੰਦੀਪ ਸਿੰਘ ਨੇ ਮੰਤਰੀ ਵਰਗੇ ਪ੍ਰਭਾਵਸ਼ਾਲੀ ਅਹੁਦੇ ਤੇ ਰਹਿੰਦਿਆਂ ਪੀੜਤਾ ਅਤੇ ਉਸ ਦੇ ਪਰਿਵਾਰ ਤੇ ਤਸ਼ੱਦਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।ਉਨ੍ਹਾਂ ਕਿਹਾ ਕਿ ਪੀੜਤਾ ਦੇ ਬਿਆਨਾਂ ਦੇ ਬਾਵਜੂਦ ਐੱਫਆਈਆਰ ਵਿੱਚ ਬਲਾਤਕਾਰ ਦੀ ਕੋਸ਼ਿਸ਼ ਦੀ ਧਾਰਾ ਨਹੀਂ ਜੋੜੀ ਗਈ। ਇਨ੍ਹਾਂ ਜਨਤਕ ਆਗੂਆਂ ਨੇ ਕਿਹਾ ਕਿ ਸੱਤਾਧਾਰੀ ਭਾਜਪਾ ਸਰਕਾਰ ਦੇ ਇਸ ਔਰਤ ਵਿਰੋਧੀ ਵਤੀਰੇ ਕਾਰਨ ਔਰਤਾਂ ਨੂੰ ਇਨਸਾਫ਼ ਮਿਲਣ ਦੀ ਆਸ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ।

ਜੰਗਲਾਤ ਵਰਕਰਜ਼ ਯੂਨੀਅਨ ਨੇ ਵਣ ਮੰਡਲ ਅਫਸਰ ਦੇ ਦਫਤਰ ਸਾਹਮਣੇ ਦਿੱਤਾ ਧਰਨਾ

ਮੰਗਾਂ ਨਾ ਮੰਨੀਆਂ ਤਾਂ ਲਾਇਆ ਜਾਵੇਗਾ ਪੱਕਾ ਮੋਰਚਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ):ਜੰਗਲਾਤ ਵਰਕਰਜ਼ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਨੇ ਫੀਲਡ ਵਰਕਰਾਂ ਦੀਆਂ ਮੰਗਾਂ ਸਬੰਧੀ ਵਣ ਮੰਡਲ ਅਫਸਰ ਸਾਹਮਣੇ ਧਰਨਾ ਦਿੱਤਾ। ਧਰਨੇ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਨੇ ਕੀਤੀ। ਧਰਨੇ ਵਿਚ ਵਣ ਮੰਡਲ ਦੀਆਂ ਵੱਖ ਵੱਖ ਰੇਂਜ਼ਾਂ ਦੇ ਵਰਕਰ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਧਰਨੇ ਸਬੰਧੀ ਜਾਣਕਾਰੀ ਦਿੰਦਿਆਂ ਬਲਬੀਰ ਸਿੰਘ ਗੋਖੀਵਾਲਾ ਜ਼ਿਲ੍ਹਾ ਪ੍ਰੈਸ ਸਕੱਤਰ ਨੇ ਦੱਸਿਆ ਕਿ ਵਰਕਰਾਂ ਦੀਆਂ ਮੰਗਾਂ ਸਬੰਧੀ ਜਥੇਬੰਦੀ ਵੱਲੋਂ ਕਈ ਵਾਰ ਵਣ ਮੰਡਲ ਅਫਸਰ ਨੂੰ ਮਿਲਿਆ ਗਿਆ, ਪਰ ਵਰਕਰਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਰਕਰਾਂ ਦੀਆਂ ਸੀਨੀਆਰਟੀ ਲਿਸਟਾਂ ਨਹੀਂ ਬਣਾਈਆਂ ਜਾ ਰਹੀਆਂ, ਪਿਛਲੇ ਕਈ ਮਹੀਨਿਆਂ ਤੋਂ ਕੁਝ ਵਰਕਰਾਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਫੀਲਡ ਵਰਕਰਾਂ ਨੂੰ ਸੰਦ ਦੇਣ ਤੋਂ ਵੀ ਟਾਲ ਮਟੋਲ ਕੀਤੀ ਜਾ ਰਹੀ ਹੈ ਜਿਸ ਕਾਰਨ ਵਰਕਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਥੇਬੰਦੀਆਂ ਦੇ ਆਗੂਆਂ ਨੇ ਵਣ ਮੰਡਲ ਅਫਸਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਵਰਕਰਾਂ ਦੀਆਂ ਸਿਨੀਆਰਟੀ ਲਿਸਟਾਂ ਜਲਦੀ ਤਿਆਰ ਕੀਤੀਆਂ ਜਾਣ, ਰਹਿੰਦੇ ਵਰਕਰਾਂ ਦੀਆਂ ਤਨਖਾਹਾਂ ਰਿਲੀਜ਼ ਕੀਤੀਆਂ ਜਾਣ। ਜੇਕਰ ਵਰਕਰਾਂ ਦੀਆਂ ਮੰਗਾਂ ਜਲਦੀ ਨਾ ਮੰਨੀਆਂ ਤਾਂ 4 ਅਪ੍ਰੈਲ ਨੂੰ ਦਫਤਰ ਸਾਹਮਣੇ ਧਰਨਾ ਦਿੱਤਾ ਜਾਵੇਗਾ। ਧਰਨੇ ਵਿਚ ਵਿਭਾਗ ਅੰਦਰ ਕੀਤੀਆਂ ਜਾ ਰਹੀਆਂ ਧਾਂਦਲੀਆਂ ਨੂੰ ਨੰਗਾ ਕੀਤਾ ਜਾਵੇਗਾ। ਧਰਨੇ ਵਿਚ ਮੇਹਰ ਸਿੰਘ, ਰਾਜ ਕੇ, ਮੁਖਤਿਆਰ ਸਿੰਘ, ਗੁਰਬੀਰ ਸਿੰਘ ਰਾਣਾ, ਜਸਵਿੰਦਰ ਸਿੰਘ, ਕੁਲਦੀਪ ਸਿੰਘ, ਕੱਕਾ ਸਿੰਘ, ਮਹਿੰਦਰ ਸਿੰਘ, ਬਲਵਿੰਦਰ ਸਿੰਘ, ਮੱਖਣ ਸਿੰਘ, ਕੁਲਦੀਪ ਸਿੰਘ ਸ਼ਹਿਜ਼ਾਦੀ, ਸੁਲੱਖਣ ਸਿੰਘ, ਸੂਰਤ ਸਿੰਘ, ਬਚਨ ਸਿੰਘ, ਨਿਸ਼ਾਨ ਸਿੰਘ ਮੁੱਬੋਕੇ, ਕੁਲਵੰਤ ਸਿੰਘ ਹਬੀਬ ਵਾਲਾ, ਰਾਮ ਸਿੰਘ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ 31 ਮੈਂਬਰੀ ਕਮੇਟੀ ਦੀ ਚੋਣ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ) - ਪਿੰਡ ਚਹਿਲ ਵਿਖੇ ਗੁਰਦੁਆਰਾ ਗੁਰ ਜੋਤ ਪ੍ਰਕਾਸ਼ ਵਿੱਚ ਪਿੰਡ ਵਾਸੀਆਂ ਵੱਲੋਂ ਇਕੱਠ ਕੀਤਾ ਗਿਆ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਖਦੇਵ ਸਿੰਘ ਪੱਕਾ ਅਤੇ ਜਿਲ੍ਹਾ ਜਰਨਲ ਸਕੱਤਰ ਭੁਪਿੰਦਰ ਸਿੰਘ ਔਲਖ ਪਿੰਡ ਚਹਿਲ ਤੇ ਜਿਲ੍ਹਾ ਜੁੰਇਅਟ ਸਕੱਤਰ ਬੱਬੀ ਬਰਾੜ ਦੀ ਅਗਵਾਈ ਹੇਠ ਪਿੰਡ ਚਹਿਲ ਇਕਾਈ ਅਤੇ ਬਲਾਕ ਪ੍ਰਧਾਨ ਫਰੀਦਕੋਟ ਜਗਦੀਸ਼ ਸਿੰਘ ਬਰਾੜ ਅਤੇ ਬਲਾਕ ਜੁੰਇਅਟ ਸਕੱਤਰ ਜਸਬੀਰ ਸਿੰਘ ਚਹਿਲ ਨੂੰ ਨਿਯੁਕਤ ਕੀਤਾ ਗਿਆ ਅਤੇ ਪਿੰਡ ਚਹਿਲ ਇਕਾਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪ੍ਰਧਾਨ ਛਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਵੀਰ ਸਿੰਘ, ਮੀਤ ਪ੍ਰਧਾਨ ਜਗਜੀਤ ਸਿੰਘ , ਜਰਨਲ ਸਕੱਤਰ ਬਲਕਰਨ ਸਿੰਘ, ਖਜਾਨਚੀ ਸੁਖਦੇਵ ਸਿੰਘ ਚਹਿਲ, ਜੁੰਇਅਟ ਸਕੱਤਰ ਜੋਰਾਵਰ ਸਿੰਘ, ਪ੍ਰੈੱਸ ਸਕੱਤਰ ਬਲਕਰਨ ਸਿੰਘ ਜਰਨਲ ਸੈਕਟਰੀ ਗੁਰਜੀਤ ਸਿੰਘ, ਪ੍ਰਚਾਰ ਸਕੱਤਰ ਸੁਖਜੀਤ ਸਿੰਘ ਅਤੇ ਮੈਂਬਰ ਗੁਰਪ੍ਰੀਤ ਸਿੰਘ, ਭੀਮਾ ਸਿੰਘ, ਬਲਵੰਤ ਸਿੰਘ, ਸਤਪਾਲ ਸਿੰਘ, ਗੁਰਨੈਬ ਸਿੰਘ, ਅੰਗਰੇਜ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਰੇਸਮ ਸਿੰਘ, ਕਰਨਵੀਰ ਸਿੰਘ, ਵਿਕਰਮਜੀਤ ਸਿੰਘ, ਅਕਾਸ਼ਦੀਪ ਸਿੰਘ, ਹਰਮੇਲ ਸਿੰਘ,ਕੋਰ ਸਿੰਘ, ਲਖਵਿੰਦਰ ਸਿੰਘ, ਸੁਖਦੇਵ ਸਿੰਘ, ਰਵੀ ਕੁਮਾਰ , ਆਦਿ ਦੀ ਚੋਣ ਕੀਤੀ ਗਈ ਇਸ ਮੌਕੇ ਇਕਾਈ ਸਾਦਕ ਚੋਕ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਬਿੱਟੂ ਵੀ ਹਾਜਰ ਹੋਏ ਤੇ ਜਿਲ੍ਹਾ ਜਰਨਲ ਸਕੱਤਰ ਭੁਪਿੰਦਰ ਸਿੰਘ ਔਲਖ ਨੇ ਨਵੇਂ ਚੁਣੇ ਆਗੂਆਂ ਨੂੰ ਜਥੇਬੰਦੀ ਦੀ ਮਾਣ ਮਰਿਆਦਾ ਵਿੱਚ ਰਹਿ ਕੇ ਕੰਮ ਕਰਨ ਲਈ ਆਗੂਆਂ ਨੂੰ ਪ੍ਰੇਰਿਤ ਕੀਤਾ।

ਝਾੜ ਸਾਹਿਬ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਮਿਆਰੀ ਸਿੱਖਿਆ ਦੇਣਾ : ਡਾ. ਰਜਿੰਦਰ ਕੌਰ

ਸਮਰਾਲਾ, (ਸੁਰਜੀਤ ਸਿੰਘ)- ਝਾੜ ਸਾਹਿਬ ਕਾਲਜ ਸੰਸਥਾ ਆਪਣੀਆਂ ਵਿਦਿਆਰਥਣਾਂ ਦੇ ਸਰਬਪੱਖੀ ਵਿਕਾਸ ਲਈ ਸਦਾ ਹੀ ਯਤਨਸ਼ੀਲ ਰਹੀ ਹੈ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੀ ਲੜਕੀਆਂ ਦੀ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਾਲਜ ਦੇ ਬੀ ਏ ਸਮੈਸਟਰ ਪਹਿਲਾ ਜਮਾਤ ਦੀਆਂ ਵਿਦਿਆਰਥਣਾਂ ਦੇ ਆਏ ਸ਼ਾਨਦਾਰ ਨਤੀਜੇ 'ਤੇ ਵਿਦਿਆਰਥਣਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਅਕਾਦਮਿਕ ਪੱਧਰ 'ਤੇ ਅਜਿਹੀ ਮਿਆਰੀ ਸਿੱਖਿਆ ਦੇਣਾ ਹੈ ਜਿਸ ਨਾਲ ਮੁਕਾਬਲੇ ਦੇ ਅਜੋਕੇ ਦੌਰ 'ਚ ਉਹ ਆਪਣੀ ਵਿਲੱਖਣ ਹੋਂਦ ਸਥਾਪਤ ਕਰ ਸਕਣ।

ਉਨ੍ਹਾਂ ਕਿਹਾ ਕਿ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੇ ਕਾਲਜ ਦੀਆਂ ਵਿਦਿਆਰਥਣਾਂ ਭਵਿੱਖ 'ਚ ਵੀ ਇਸੇ ਤਰ੍ਹਾਂ ਦ੍ਰਿੜ੍ਹ ਲਗਨ ਅਤੇ ਮਿਹਨਤ ਸਦਕਾ ਵਧੀਆ ਨਤੀਜੇ ਪ੍ਰਾਪਤ ਕਰਕੇ ਆਪਣੇ ਅਧਿਆਪਕਾਂ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨਗੀਆਂ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਅਪਣਾਉਂਦੇ ਹੋਏ ਆਪਣੇ ਪੈਰਾਂ 'ਤੇ ਖੜ੍ਹੀਆਂ ਹੋਣਗੀਆਂ। ਬੀ ਏ ਸਮੈਸਟਰ ਪਹਿਲਾ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਨੇ ਦੱਸਿਆ ਕਿ ਬੀ ਏ ਸਮੈਸਟਰ ਪਹਿਲਾ ਦਾ ਸਮੁੱਚਾ ਨਤੀਜਾ ਸੌ ਫੀਸਦੀ ਰਿਹਾ ਹੈ। ਨਤੀਜੇ 'ਚ ਕਾਲਜ ਵਿਦਿਆਰਥਣ ਸੁਖਵੀਰ ਕੌਰ ਨੇ 83.42 ਫੀਸਦੀ ਅੰਕ ਲੈ ਕੇ ਕਾਲਜ 'ਚੋਂ ਪਹਿਲਾ ਸਥਾਨ, ਰਮਨਦੀਪ ਕੌਰ ਨੇ 79.42 ਫੀਸਦੀ ਅੰਕ ਲੈ ਕੇ ਦੂਜਾ, ਪ੍ਰਭਜੋਤ ਕੌਰ ਨੇ 78.25 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ, ਉਨ੍ਹਾਂ ਦੀਆਂ ਅਧਿਆਪਕਾਵਾਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਹੈ ਕਿ ਉਹ ਭਵਿੱਖ 'ਚ ਹੋਰ ਮਿਹਨਤ ਕਰਕੇ ਆਪਣੀ ਸੰਸਥਾ ਦਾ ਨਾਂਅ ਰੌਸ਼ਨ ਕਰਨਗੀਆਂ।

ਕਾਤਰਾਂ

ਰਾਹੁਲ ਦੀ ਅਵਾਜ਼ ਨੂੰ ਦਬਾਉਣ ਲਈ ਮੈਂਬਰਸ਼ਿਪ ਕੀਤੀ ਰੱਦ : ਕੇ ਕੇ ਤਿਵਾੜੀ

ਕੋਟ ਈਸੇ ਖਾਂ (ਅਰੋੜਾ) ਆਲ ਇੰਡੀਆ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਜੋ ਕਿ ਅਕਸਰ ਹੀ ਲੋਕ ਸਭਾ ਵਿੱਚ ਕਈ ਅਹਿਮ ਮੁੱਦਿਆਂ 'ਤੇ ਅਤੇ ਕਾਰਪੋਰੇਟ ਘਰਾਣਿਆਂ ਬਾਰੇ ਬੋਲਦੇ ਸਨ ਜਿਸ ਦੀ ਅਵਾਜ਼ ਨੂੰ ਦਬਾਉਣ ਲਈ ਭਾਜਪਾ ਦੇ ਇਸ਼ਾਰੇ 'ਤੇ ਰਾਹੁਲ ਗਾਂਧੀ ਦੀ ਲੋਕ ਸਭਾ ਦੀ ਮੈਂਬਰਸ਼ਿਪ ਰੱਦ ਕੀਤੀ ਗਈ ਹੈ ਜੋ ਸਰਾਸਰ ਧੱਕਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੀ ਸੀ ਸੀ ਦੇ ਮੈਂਬਰ ਕ੍ਰਿਸ਼ਨ ਤਿਵਾੜੀ ਨੇ ਪ੍ਰੈਸ ਨਾਲ ਸਾਂਝਾ ਕੀਤਾ। ਉਨ੍ਹਾ ਕਿਹਾ ਕਿ ਪਿਛਲੇ ਦਿਨੀਂ ਜੋ ਭਾਰਤ ਜੋੜੋ ਯਾਤਰਾ ਕੱਢੀ ਗਈ ਸੀ ਜਿਸ ਦਾ ਪੂਰੇ ਦੇਸ਼ ਵਿੱਚ ਭਰਵਾਂ ਸਮਰਥਨ ਮਿਲਿਆ ਸੀ ਜੋ ਕੇਂਦਰ ਦੀ ਭਾਜਪਾ ਸਰਕਾਰ ਨੂੰ ਹਜ਼ਮ ਨਹੀਂ ਹੋ ਰਿਹਾ। ਤਿਵਾੜੀ ਨੇ ਕਿਹਾ ਕਿ ਰਾਹੁਲ ਗਾਂਧੀ ਅਕਸਰ ਹੀ ਦੇਸ਼ ਦੇ ਲੋਕਾਂ ਦੀ ਅਵਾਜ਼ ਲੋਕ ਸਭਾ ਵਿੱਚ ਉਠਾਉਂਦੇ ਆ ਰਹੇ ਸਨ ਅਤੇ ਉਹ ਅਜਿਹੀਆਂ ਕਾਰਵਾਈ ਤੋਂ ਡਰਨ ਵਾਲੇ ਨਹੀਂ ਤੇ ਆਪਣੀ ਅਵਾਜ਼ ਬੁਲੰਦ ਕਰਦੇ ਰਹਿਣਗੇ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਸੰਸਦ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ, ਕਾਰਪੋਰੇਟ ਘਰਾਣਿਆਂ ਖਿਲਾਫ ਬੋਲਦੇ ਸਨ ਅਤੇ ਭਾਜਪਾ ਵੱਲੋਂ ਕੀਤੇ ਜਾਂਦੇ ਕਾਰਨਾਮਿਆਂ ਦਾ ਲਗਾਤਾਰ ਪਰਦਾਫਾਸ਼ ਕਰਦੇ ਸਨ, ਜਿਸ ਕਰਕੇ ਉਨ੍ਹਾ ਨੂੰ ਸੱਚ ਬੋਲਣ ਦੀ ਸਜ਼ਾ ਮਿਲੀ ਹੈ।

ਐਂਟੀ ਕੁਰੱਪਸ਼ਨ ਐਸੋਸੀਏਸ਼ਨ ਦੀ ਮੀਟਿੰਗ 'ਚ ਭ੍ਰਿਸ਼ਟਾਚਾਰ ਦੇ ਖਾਤਮੇ 'ਤੇ ਦਿੱਤਾ ਜ਼ੋਰ

ਮੁਕਤਸਰ ਸਾਹਿਬ(ਸ਼ਮਿੰਦਰਪਾਲ /ਪੂਜਾ)- ਸ੍ਰੀ ਮੁਕਤਸਰ ਸਾਹਿਬ ਦੀ ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਦੀ ਮੀਟਿੰਗ ਫੈਕਟਰੀ ਰੋਡ ਸਥਿਤ ਕਾਮਧੇਨੂੰ ਨਸਲ ਸੁਧਾਰ ਗਊਸ਼ਾਲਾ ਵਿਖੇ ਪ੍ਰਧਾਨ ਸੁਨੀਲ ਪਨਸੇਜਾ ਦੀ ਪ੍ਰਧਾਨਗੀ ਹੇਠ ਹੋਈ। ਜਿਸ 'ਚ ਨਵੀਂ ਟੀਮ ਨੂੰ ਭ੍ਰਿਸ਼ਟਾਚਾਰ ਦੇ ਖਾਤਮੇ ਚ ਸਹਿਯੋਗ ਦੇਣ ਅਤੇ ਵੱਧ-ਚੜ੍ਹ ਕੇ ਸਮਾਜਸੇਵਾ ਦੇ ਕੰਮਾਂ ਲਈ ਪ੍ਰੇਰਿਆ ਗਿਆ। ਇਸ ਦੌਰਾਨ ਨਵੀਂ ਟੀਮ ਗਊਸ਼ਾਲਾ ਵਿਖੇ ਸਥਿਤ ਪ੍ਰੇਮ ਮੰਦਰ 'ਚ ਨਤਮਸਤਕ ਹੋਈ ਅਤੇ ਸਰਬਤ ਦੇ ਭਲੇ ਲਈ ਕਾਮਨਾ ਮੰਗੀ। ਇਸ ਮਗਰੋਂ ਗਊਆਂ ਨੂੰ ਸਵਾਮਣੀ ਕਰਵਾਈ ਗਈ। ਸਵਾਮਣੀ ਤੋਂ ਪਹਿਲਾਂ ਪੂਜਨ ਹੋਇਆ। ਪੂਜਨ ਪੰ. ਸੌਰਵ ਸ਼ਰਮਾ ਨੇ ਕਰਵਾਇਆ, ਜਿਸ 'ਚ ਐਸੋਸੀਏਸ਼ਨ ਦੀ ਸਮੂਚੀ ਟੀਮ ਨੇ ਹਿੱਸਾ ਲਿਆ। ਇਸ ਮੌਕੇ ਚੇਅਰਮੈਨ ਸੁਮਿਤ ਵਾਟਸ, ਸਾਹਿਲ ਪਠੇਲਾ, ਦੌਲੀ ਵਾਟਸ, ਸ਼ੰਮੀ ਵਾਟਸ, ਵਰਿੰਦਰ ਭਟੇਜਾ, ਸਾਜਨ ਪਨਸੇਜਾ, ਪ੍ਰਵੀਨ ਗੋਇਲ, ਹਰਕੀਰਤ ਸਿੰਘ ਤੋਂ ਇਲਾਵਾ ਗਊਸ਼ਾਲਾ ਕਮੇਟੀ ਵੱਲੋਂ ਪਵਨ ਕੁਮਾਰ, ਜੋਗਿੰਦਰ ਸਾਊਂਡ ਵਾਲੇ ਵੀ ਮੌਜੂਦ ਸਨ।

ਵੱਡਾ ਟਰਾਂਸਫਾਰਮਰ ਨਾ ਲਗਾਏ ਜਾਣ 'ਤੇ ਸੰਘਰਸ਼ ਦੀ ਚਿਤਾਵਨੀ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)- ਭਾਰਤੀ ਕਿਸਾਨ ਯੂਨੀਅਨ ਏਕਤਾ ਸਿੰਧੂਪੁਰ, ਇਕਾਈ ਲਹਿਰਾ ਮੁਹੱਬਤ ਦੀ ਮੀਟਿੰਗ ਪ੍ਰਧਾਨ ਗੁਰਮੀਤ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਬਲਾਕ ਨਥਾਣਾ ਦੇ ਖਜ਼ਾਨਚੀ ਬਲਵੀਰ ਸਿੰਘ, ਮੀਤ ਪ੍ਰਧਾਨ ਹਰਨੇਕ ਸਿੰਘ, ਮੀਤ ਪ੍ਰਧਾਨ ਜਸਪਾਲ ਸਿੰਘ, ਖਜ਼ਾਨਚੀ ਚਮਕੌਰ ਸਿੰਘ, ਪ੍ਰੈਸ ਸਕੱਤਰ ਜਗਜੀਤ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ, ਜਗਤਾਰ ਸਿੰਘ ਅਤੇ ਮਲਕੀਤ ਸਿੰਘ ਆਦਿ ਸ਼ਾਮਲ ਸਨ। ਇਸ ਦੌਰਾਨ ਲਾਲ ਸਿੰਘ ਬਸਤੀ ਲਹਿਰਾ ਮੁਹੱਬਤ ਫੀਡਰ ਨਾਲ ਸੰਬੰਧਤ ਟਰਾਂਸਫਾਰਮਰ ਜੋ ਕਿ ਛੋਟਾ ਹੋਣ ਕਰਕੇ ਬਿਜਲੀ ਸਪਲਾਈ ਪੂਰੀ ਨਹੀਂ ਚਲਦੀ ਅਤੇ ਸਪਲਾਈ ਵਿੱਚ ਅਕਸਰ ਵਿਘਨ ਪਿਆ ਰਹਿੰਦਾ ਹੈ, ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਟਰਾਂ

page-6-30-(MARCH)-2023-G-(BV).qxd 3/29/2023 10:39 PM Page 1

ਕਲਾਸੀਫਾਈਡ ਇਸ਼ਤਿਹਾਰ

Lost & Found

Under the Instructions of YES Bank Limited, I, Rajesh Khanna (Aadhar Card no. 680444758882) S/o Sham Sunder Khanna R/O 379, Shastri Nagar, Lawrence Road, Amritsar-1, Punjab-143001 hereby inform the general public that I along with Rakesh Kumar S/o Janak Raj have become owners for Plot Property, total area measuring 8 Kanal, comprised in Khasra nos. 158//9/1(1-12), 158//9/2(6-8) as per the Jamabandi for the year 2019-20 situated within revenue estate of area Village Naag-1, Tehsil Majitha and District Amritsar vide Sale deed dated: 10-11-2020 as Document no.2020-21/92/1/1031. Document of previous ownership of afore said property that is Sale deed has been lost/misplaced, details are as follows: (1) Original Sale Deed dated: 18-06- 1973 executed by Hajara Singh in favour of Surjit Kaur W/o Jaswant Singh. (2) Original Sale deed dated: 07-10-1996 executed by Gurmukh Singh S/o Karnail Singh in favour of Surjit Kaur W/o Jaswant Singh S/o Aatma Singh. (3) Photocopy of Will Dated: 10-08-2010 as Document no.942 executed by Surjit Kaur W/o Jaswant Singh in favour of Sharanjit Singh S/o Jaswant Singh S/o Aatma Singh. (4) Original Sale deed dated: 07-10-1996 as Document no.5474 executed by Gurmukh Singh in favour of Jaswant Singh S/o Aatma Singh. I have lost/misplaced these document somewhere, if anybody has any objection or found these documents, may contact to Advocate Dinesh Arora within 07 working days from the date of the public notice in written with supporting documents, failing which such claim if any, shall be considered to be waived, abandoned and any subsequent claim shall not bind our client or their successors/nominee/assignee in any manner whatsoever. Phone: 9779304041.

Place: Amritsar, Dated: 28-03-2023 DINESH ARORA, ADVOCATE.

Lost & Found

Under the Instructions of YES Bank Limited, I, Rajesh Khanna (Aadhar Card no. 680444758882) S/o Sham Sunder Khanna R/O 379, Shastri Nagar, Lawrence Road, Amritsar-1, Punjab-143001 hereby inform the general public that I along with Rakesh Kumar S/o Janak Raj have become owners for Plot Property that is a plot of land, total area measuring 8 Kanal, that is comprised in Khasra nos. 158//12/1(4-3), 158//12/2(3-17) as per the Jamabandi for the year 2019-20, that is situated within revenue estate of area of Village Naag-1, Tehsil Majitha and District Amritsar vide Sale deed dated: 10-11-2020 as Document no.2020-21/92/1/1032. Document of previous ownership of afore said property that is Sale deed has been lost/misplaced, details are as follows: (1) Original Sale Deed Dated: 22-02-2017 as Document no. 1588 executed by Gurdeep Singh S/o Pritam Singh S/o Kesar Singh in favour of Mahinder Singh S/o Sewa Singh, Sarabjit Singh S/o Manohar Singh. (2) Original Sale Deed Dated: 11-01-2015 as Document no.950 executed by Amrik Kaur W/o Gurmit Singh in favour of Sukhwinder Kaur W/o Gurdip Singh S/o Gurbachan Singh. (3) Original Sale Deed Dated: 07-02-2017 as Document no.1510 executed by Sukhwinder Kaur W/o Gurdip Singh S/o Gurbachan Singh in favour of Mahinder Singh S/o Sewa Singh, Sarabjit Singh S/o Manohar Singh. I have lost/misplaced these document somewhere, if anybody has any objection or found these documents, may contact to Advocate Dinesh Arora within 07 working days from the date of the public notice in written with supporting documents, failing which such claim if any, shall be considered to be waived, abandoned and any subsequent claim shall not bind our client or their successors/nominee/assignee in any manner whatsoever. Phone: 9779304041.

Place: Amritsar, Dated: 28-03-2023 DINESH ARORA, ADVOCATE.

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਸ਼ਨਜੀਤ ਸਿੰਘ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈ'ਜ਼, ਜਲੰਧਰ

ਕੇਸ ਨੰ. 10 ਐੱਚ ਟੀ ਸੀ/ਐੱਨ ਆਰ ਆਈ — ਕੇਸ ਅਨੁਵਾਨ : ਰਾਜਵੰਤ ਕੌਰ ਬਨਾਮ ਅਨੀਤਾ ਆਦਿ

ਖੇਵਟ ਨੰ. : 42-142-204 — ਵਾਕਿਆ : ਖੁਣ-ਖੁਣ

ਇੰਤਕਾਲ ਨੰ. : 3186 ਵਰਾਸਤ

ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 1. ਰਾਜਵੰਤ ਕੌਰ ਵਿਧਵਾ ਬਲਵੀਰ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਵਾਸੀ ਪਿੰਡ ਕੰਗ ਸਾਹਬੂ, ਜਲੰਧਰ। (.. ਪਟੀਸ਼ਨਰ)

ਬਨਾਮ

1. ਅਨੀਤਾ ਵਿਧਵਾ ਮਲਕੀਤ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ, 2. ਕੁਲਵੰਤ ਸਿੰਘ, 3 ਰਸ਼ਪਾਲ ਸਿੰਘ ਪੁੱਤਰਾਨ ਸਵ: ਮਲਕੀਤ ਸਿੰਘ, 4. ਨਿੰਦਾ ਕੌਰ, 5. ਮਲਕੀਤ ਕੌਰ, 6. ਸ਼ੀਲਾ ਕੌਰ ਪੁੱਤਰੀਆਂ ਪ੍ਰੀਤਮ ਸਿੰਘ, 7. ਨਾਇਕੋਲਾ, 8. ਵਿਨੀਤਾ ਕੌਰ, 9. ਸੰਗੀਤਾ, 10. ਸਲੀਨਾ ਪੁੱਤਰੀਆਂ ਸਵ. ਮਲਕੀਤ ਸਿੰਘ, 11. ਰਵੀ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਸਾਰੇ ਵਾਸੀਆਨ ਪਿੰਡ ਖੁਣ-ਖੁਣ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ... (ਰਿਸਪਾਡੈਂਟਸ)

ਉਕਤ ਮੁਕੱਦਮੇ 'ਚ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 10.04.2023 ਨੂੰ ਦੁਪਹਿਰ 2.30 ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਨੋਟਿਸ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 27.03.2023 ਨੂੰ ਮੇਰੇ ਦਸਤਾਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਜਲੰਧਰ

ਨੰ. 69/ਰੀਡਰ/ਡੀ ਆਰ ਓ, ਮਿਤੀ 27.3.2023

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਟੈਂਡਰ ਸੂਚਨਾ

ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੇ ਦੁਵਾਰਾ ਤੋਂ ਫਿਰੋਜ਼ਪੁਰ ਮੰਡਲ ਉਤੇ ਹਾਲਟ ਸਟੇਸ਼ਨਾਂ ਦੇ ਅਲਾਟਮੈਂਟ ਲਈ ਆਵੇਦਨ ਪੱਤਰ ਮੰਗ ਕੀਤੇ ਹਨ:-

1. ਕੰਮ ਦਾ ਨਾਮ : ਫਿਰੋਜ਼ਪੁਰ ਮੰਡਲ ਜਮਸ਼ੇਰ ਖਾਸ, ਬੋਲੀਨਾ, ਦੋਆਬਾ, ਸ਼ਾਮ ਚੋਰਾਸੀ, ਚਕ ਦਯਾਲਾ, ਖਟਕੜ ਕਲਾਂ ਝੰਡਾ ਜੀ, ਜੈਜੋਂ ਦੋਆਬਾ, ਮਾਲੂਪੋਤਾ, ਗੜ੍ਹਸ਼ੰਕਰ, ਸੈਲਾਖੁਰਦ, ਨੰਦਪੁਰ ਭਟੋਲੀ, ਡੂਡਵਿੰਟੀ, ਬਟਾਲਾ ਸੂਗਰ ਮਿਲਲ, ਅਤੇ ਸੈਦਪੁਰ ਜਲਾਲਾਬਾਦ ਹਾਲਟ ਸਟੇਸ਼ਨ ਅਗਾਮੀ 5 ਸਾਲ ਦੇ ਲਈ ਠੇਕੇ ਦਾ ਅਲਾਟਮੈਂਟ।
2. ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਤੇ ਟੈਂਡਰ ਖੁਲਣ ਦਾ ਸਮਾਂ : ਮਿਤੀ 01.05.2023 ਨੂੰ 15:00 ਵਜੇ ਤਕ (ਕਿਸੀ ਕਾਰਣ ਵਸ਼ ਦਫਤਰ ਬੰਦ ਹੋਣ ਦੀ ਸਥਿਤੀ ਵਿਚ ਆਵੇਦਨ ਪੱਤਰ ਅਗਲੇ ਕੰਮ ਵਾਲ ਦਿਨ ਉਤੇ ਖੋਲੋ ਜਾਣਗੇ।
3. ਦਫਤਰ ਦਾ ਪਤਾ ਅਤੇ ਮਿਤੀ ਜਿਥੋਂ ਤੋਂ ਆਵੇਦਨ ਪੱਤਰ ਪ੍ਰਾਪਤ ਕੀਤੇ ਜਾਂ ਸਕਦੇ ਹਨ : ਸੀਨੀ. ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਮਿਤੀ 30.03.2023 ਤੋਂ 01.05.2023 ਤਕ ਕਿਸੀ ਵੀ ਕੰਮ ਵਾਲੇ ਦਿਨ ਉਤੇ ਅਤੇ ਉੱਤਰ ਰੇਲਵੇ ਦੀ ਵੈਬਸਾਈਟ ww.nr.indianrailways.gov.in ਤੋਂ ਡਾਊਨ ਲੋਡ ਕੀਤੇ ਜਾਂ ਸਕਦੇ ਹਨ।

ਇਸ ਅਲਾਟਮੈਂਟ ਤੋਂ ਸਬੰਧਿਤ ਦਸਤਾਵੇਜ ਜਿਸਤਰ੍ਹਾਂ ਆਵੇਦਨ ਪੱਤਰ, ਅਨੁਦੇਸ਼ ਕਰਾਰਨਾਮਾ ਅਤੇ ਨਿਸਮ ਤੇ ਸ਼ਰਤਾਂ ਨੂੰ ਉੱਤਰ ਰੇਲਵੇ ਦੀ ਵੇਬਸਾਈਟ ww.nr.indianrailways.gov.in ਉਤੇ ਤੋਂ ਡਾਊਨਲੋਡ ਕੀਤੇ ਜਾਂ ਸਕਦੇ ਹਨ। 962/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਗਤੀ ਸ਼ਕਤੀ ਇਕਾਈ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 24.04.2023 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਜਗ੍ਹਾ ''ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ'' ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

ਨਿਵਿਦਾ ਪ੍ਰਕਾਰ	ਖੁਲ੍ਹੀ ਨਿਵਿਦਾ	ਨਿਵਿਦਾ ਅਨੁਭਾਗ	ਗਤੀ ਸ਼ਕਤੀ ਯੂਨਿਟ	ਨਿਵਿਦਾ ਪ੍ਰਣਾਲੀ	ਏਕਲ ਪੈਕੇਟ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	29.03.2023	ਨਿਵਿਦਾ ਸ਼ੁਰੂ ਦੀ ਮਿਤੀ	10.04.2023	ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ	24.04.2023 15:00 ਵਜੇ

ਲ.ਨੰ.	ਨਿਵਿਦਾ ਨੰ.	ਨਿਵਿਦਾ ਦਾ ਵੇਰਵਾ
1.	OP-04-GSU-FZR-2022-23 dated 29.03.2023	ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਅਨੰਤਨਾਗ ਸਟੇਸ਼ਨ ਉਤੇ ਗੁਡਸ ਹੈਂਡਲਿੰਗ ਸਹੂਲਤਾਂ ਦਾ ਪ੍ਰਾਵਧਾਨ

ਵਿਗਿਆਪਨ ਮੁੱਲ	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਕੰਮ ਸਮਾਪਨ ਦੀ ਅਵਧੀ
₹9,66,10,937/-	₹6,33,100/-	60 ਦਿਨ	10 ਮਹੀਨੇ

ਸਮਾਨ ਨੇਚਰ ਦਾ ਕੰਮ - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ version ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨਹੀ ਮਾਨਯ ਹੋਣਗੇ।

ਖੁਲ੍ਹੀ ਨਿਵਿਦਾ ਸੂਚਨਾ ਪੱਤਰ ਨੰ.: OP-04-GSU-FZR-2022-23 ਤਾਰੀਕ : 29.03.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 951/2023

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.-770-W/169/WA-1/FZR/2022-23 — Date: 29.03.2023

ਮੰਡਲ ਇੰਜੀਨੀਅਰ-ਟ੍ਰੈਕ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪ੍ਰਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਂ, ਅੰਤਮ ਮਿਤੀ 20.04.2023 ਸਮਾਂ 15.00 ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਾਰਨ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਰੇਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
28.03.2023	06.04.2023	20.04.2023/ 15:00 ਵਜੇ

ਲੜੀ ਨੰਬਰ	ਨਿਵਿਦਾ ਨੰਬਰ	ਨਿਵਿਦਾ ਦਾ ਵੇਰਵਾ
1	497-2022-23-Track-DRM-FZR	ਫਿਰੋਜਪੁਰ ਮੰਡਲ ਵਿਚ ਮੰਡਲ ਇੰਜੀਨੀਅਰ/ਟ੍ਰੈਕ ਦੇ ਸੈਕਸ਼ਨ ਵਿਚ ਟੀਬੀਆਰ, ਟਰਨਆਊਟ ਅਤੇ ਲੇਆਊਟ ਸੁਧਾਰ ਦੇ ਲਈ ਟੀ-28 ਦੇ ਮਸ਼ੀਨ ਦੇ ਪ੍ਰੀ ਅਤੇ ਪੋਸਟ ਦਾ ਕੰਮ ਅਤੇ ਟ੍ਰੈਕ ਦੇ ਹੋਰ ਵਿਵਿਧ ਕੰਮ ਕਰਨ ਲਈ।
		ਵਿਗਿਆਪਨ ਮੁਲ (ਰੁ.): 1,91,19,904.96/- ; ਬਿਆਨਾ ਰਾਸ਼ੀ: 2,45,600/- ; ਆਫਰ ਦੀ ਵੈਲੇਡਿਟੀ: 60 ਦਿਨ ; ਸਮਾਪਨ ਦਾ ਸਮਾਂ: 24 ਮਹੀਨੇ
		ਸਮਾਨ ਨੇਚਰ ਦਾ ਕੰਮ:- ਪੂਰਨ ਟ੍ਰੈਕ ਨਵੀਨੀਕਰਨ/ਪੂਰਨ ਰੇਲ ਨਵੀਨੀਕਰਨ/ਪੂਰਨ ਫਿਟਿੰਗ ਨਵੀਨੀਕਰਨ/ ਪੂਰਨ ਟਰਨ ਆਊਟ ਨਵੀਨੀਕਰਨ, ਦੀ ਗਹਿਰੀ ਜਾਂਚ/ਟ੍ਰੈਕ ਦੇ ਉਠਾਨ/ਛਨਾਈ, ਡਿਸਟ੍ਰੇਸਿੰਗ, ਟ੍ਰੈਕ ਮੇਂਟਨੇਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ।
2	498-2022-23-ADEN-I-PTK	ਸਹਾਇਕ ਮੰਡਲ ਇੰਜੀਨੀਅਰ-ਫਸਟ/ਪਠਾਨਕੋਟ ਦੇ ਤਹਿਤ ਜਲੰਧਰ ਸ਼ਹਿਰ-ਪਠਾਨਕੋਟ ਸੈਕਸ਼ਨ ਤੇ ਮੁਕੇਰਿਆਂ ਯਾਰਡ ਵਿਚ ਬਲਾਸਟ ਡਿਪੋ ਦੇ ਪ੍ਰਾਵਧਾਨ ਲਈ ਜਿਸ ਵਿਚ ਯਾਰਡ ਨੂੰ ਸਮਤਲ ਕਰਨਾ, ਸਮਪਾਰ ਸੰਖਿਆ 108 ਅਤੇ 109 ਤੋਂ ਰੋਡ ਦਾ ਪ੍ਰਾਵਧਾਨ, ਗੁਡਸ ਪਲੇਟਫਾਰਮ ਨੂੰ ਤੋੜਨ ਦੇ ਨਾਲ ਵਿਭਿੰਨ ਕੰਮ ਜਿਸ ਵਿਚ ਸਪਲਾਈ ਕੀਤੀ ਜਾਣ ਵਾਲੀ ਬੈਲਾਸਟ ਦੀ ਸਟੈਕਿੰਗ ਅਤੇ ਡੀਐਮਈ ਦੇ ਬਾਬ ਵਿਚ ਗਿਟੀ ਭਰਨ ਦਾ ਕੰਮ ਕਰਨ ਲਈ।
		ਵਿਗਿਆਪਨ ਮੁਲ (ਰੁ.): 1,64,26,506.15/- ; ਬਿਆਨਾ ਰਾਸ਼ੀ: 2,32,100/- ; ਆਫਰ ਦੀ ਵੈਲੇਡਿਟੀ: 60 ਦਿਨ ; ਸਮਾਪਨ ਦਾ ਸਮਾਂ: 06 ਮਹੀਨੇ
		ਸਮਾਨ ਨੇਚਰ ਦਾ ਕੰਮ - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।
3	499-2022-23-Track-DRM-FZR	ਫਿਰੋਜਪੁਰ ਮੰਡਲ ਵਿਚ ਅਨੁਪਯੋਗੀ ਪੀਆਰਸੀ ਸਲੀਪਰਾਂ ਦੁਆਰਾ ਅਪ੍ਰੋਚ ਰੋਡ/ਓਪਨ ਸਟੈਕਿੰਗ ਖੇਤਰ ਦੀ ਮੁਰੰਮਤ ਅਤੇ ਪ੍ਰਤੀਸਥਾਪਨ, ਢਿਲਵਨ ਟ੍ਰੈਕ ਡਿਪੋ ਦੇ ਰਖਰਖਾਅ ਦੇ ਲਈ ਜੰਗਲ, ਝਾੜੀਆਂ, ਜੰਗਲੀ ਘਾਹ ਨੂੰ ਕਟਣਾ, ਜੇਸੀਬੀ/ਹਾਈਡ੍ਰਾ ਕ੍ਰੇਨ ਕਿਰਾਏ ਤੇ ਲੈਣਾ, ਟ੍ਰੈਕਟਰ ਟ੍ਰਾਂਲੀ ਕਿਰਾਏ ਤੇ ਲੈਣਾ ਅਤੇ ਅਕੁਸ਼ਲ ਸ਼ਰਮਿਕ।
		ਵਿਗਿਆਪਨ ਮੁਲ (ਰੁ.): 1,69,51,529.11 ; ਬਿਆਨਾ ਰਾਸ਼ੀ: 2,34,800/- ; ਆਫਰ ਦੀ ਵੈਲੇਡਿਟੀ: 60 ਦਿਨ ; ਸਮਾਪਨ ਦਾ ਸਮਾਂ: 09 ਮਹੀਨੇ
		ਸਮਾਨ ਨੇਚਰ ਦਾ ਕੰਮ - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਤਰੁਟੀ ਲਈ ਅੰਗ੍ਰੇਜੀ ਵਰਜਨ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 961/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

PUBLIC NOTICE

It is to put the General Public on notice that Mr. Mandeep Singh s/o Harinder Singh R/O 189/12 Gali Petrol Pump Wali/Atma Singh Wali Adda Bazar Tarntaran 143401 owner of Residential property bearing MC No. 249 and Old H.No. B-12/229 Vakiya Rakba Gali Petrol Pump Wali Adda Bazar Tarntaran Tehsil District Tarntaran 143401 area measuring 8 Marlas that is bounded as North:- Ownership Prem Kumar South :- Ownership Ripuduman Singh East ;- Ownership Jaswant Rai West ;- Govt Gali that is situated at MC No. 249 and Old H.No. B-12/229 Vakiya Rakba Gali Petrol Pump Wali Adda Bazar Tarntaran 143401 vide Sale Deed dated : 09/09/2022 as Document No. 2022-23/168/1/1413 has approached Equitas Small Finance Bank Limited, Branch office at shop No. 99 National Shopping Complex 2nd Floor Near Hide Market, Civil Hospital, G.T. Road Amritsar, 143001, with a request to extent Loan against the mortgage of the above property. Anybody having objection in respect of the said property of regarding creation of mortgage with my client, may raise their objections within 7 Days from the date of this publication, to the below mentioned address

Vikas Verma (Advocate)

Distt. Courts, Amritsar. Ph. : 9815156302

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਗੁਰਜਿੰਦਰ ਸਿੰਘ ਬੈਨੀਪਾਲ ਜਿਲਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ,ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈ'ਜ਼, ਕਪੂਰਥਲਾ।

ਕੇਸ ਨੰਬਰ 10-18 /DRO/FTC/NRI

ਤਾਰੀਖ ਦਾਇਰ 25/01/2023

ਤਕਸੀਮ ਖੇਵਟ ਨੰਬਰ 6,7,232,233, 241,241/1, 242,243,332 ਖਤੋਨੀ ਨੰਬਰ 11,304,314,316,316/1,316/2, 317,318 ਮੁਤਾਬਿਕ ਜਮ੍ਹਾਂਬੰਦੀ ਸਾਲ 2014-2015 ਵਾਕਿਆ ਰਕਬਾ ਪਿੰਡ ਰਮੀਦੀ , ਹਦਬਸਤ ਨੰਬਰ 107,ਸਬ ਤਹਿਸੀਲ ਢਿਲਵਾਂ ਤਹਿਸੀਲ ਵਾ ਜਿਲ੍ਹਾਂ ਕਪੂਰਥਲਾ।

1. ਸੁਰਜੀਤ ਸਿਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਰਮੀਦੀ ਤਹਿਸੀਲ ਵਾ ਜ਼ਿਲਾ ਕਪੂਰਥਲਾ ਹਾਲ ਵਾਸੀ ਅਮਰੀਕਾ ਰਾਹੀਂ ਮੁਖਤਾਰ ਜਸਬੀਰ ਸਿੰਘ ਪੁੱਤਰ ਸੰਤੋਖ ਸਿੰਘ 2. ਜਸਬੀਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਰਮੀਦੀ, ਸਬ ਤਹਿਸੀਲ ਢਿਲਵਾਂ, ਤਹਿਸੀਲ ਵਾ ਜਿਲਾ ਕਪੂਰਥਲਾ। (ਫਰੀਕ ਅੱਵਲ)

ਬਨਾਮ- 1. ਗੁਰਬੰਤ ਸਿੰਘ ਪੁੱਤਰ ਭਗਤ ਸਿੰਘ 2. ਜ਼ਸਵਿੰਦਰ ਸਿੰਘ ਪੁੱਤਰ ਗੁਰਬੰਤ ਸਿੰਘ 3. ਜੋਗਿੰਦਰ ਸਿੰਘ ਪੁੱਤਰ ਗੁਰਬੰਤ ਸਿੰਘ 4. ਨਿਰਮਲ ਸਿ

30-MAR-PAGE-7.qxd 3/29/2023 10:47 PM Page 1

ਸ਼ਹੀਦ ਭਗਤ ਸਿੰਘ ਵਿਚਾਰ ਮੰਚ ਵੱਲੋਂ ਸ਼ਹੀਦਾਂ ਦੀ ਯਾਦ 'ਚ ਭੱਟੀਆਂ ਵਿਖੇ ਇਨਕਲਾਬੀ ਨਾਟਕ

ਖੰਨਾ, (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ) ਇਲਾਕੇ ਦੇ ਲੋਕਾਂ ਨੂੰ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਮਹਾਨ ਸ਼ਹੀਦਾਂ ਬਾਰੇ ਜਾਗਰੂਕ ਕਰਨ ਅਤੇ ਸਮਾਜਿਕ ਬੁਰਾਈਆਂ ਤੋਂ ਨੌਜਨਾਵਾਂ ਨੂੰ ਸੁਚੇਤ ਕਰਨ ਲਈ ਯਤਨਸ਼ੀਲ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਪ੍ਰਧਾਨ ਅਵਤਾਰ ਸਿੰਘ ਭੱਟੀਆਂ ਦੀ ਅਗਵਾਈ ਹੇਠਾਂ ਵੱਲੋਂ ਲੋਕ ਹਿੱਤ ਰੰਗ ਮੰਚ ਖੱਟੜਾ ਚੁਹਰਾਮ ਦੇ ਨਿਰਦੇਸ਼ਕ ਟੋਨੀ ਖੱਟੜਾ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਅਤੇ ਸੰਵਿਧਾਨ ਨਿਰਮਾਤਾ ਡਾ. ਭਾਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 20 ਮਾਰਚ ਤੋਂ 15 ਅਪ੍ਰੈਲ ਤੱਕ ਕਰਵਾਏ ਜਾ ਰਹੇ ਵੱਖ-ਵੱਖ ਪਿੰਡਾਂ ਵਿਚ ਇਨਕਲਾਬੀ ਨਾਟਕਾਂ ਦੀ ਲੜੀ ਤਹਿਤ ਪਿੰਡ ਭੱਟੀਆ ਦੀ ਧਰਮਸ਼ਾਲਾ ਵਿਚ ਨਾਟਕਾਂ ਤੇ ਕੋਰੀਓਗ੍ਰਾਂਫੀਆਂ ਦੇ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਪ੍ਰਸਿੱਧ ਸਿਖਿਆ ਸ਼ਾਸ਼ਤਰੀ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ, ਡੀਟੀਐਫ ਆਗੂ ਗੁਰਪ੍ਰੀਤ ਸਿੰਘ ਸਮੇਤ ਹੋਰ ਸਖਸ਼ੀਅਤਾਂ ਨੇ ਵੀ ਉਚੇਚੇ ਤੌਰ ਤੇ ਸ਼ਮੂਲੀਅਤ ਕਰਕੇ ਸ਼ਹੀਦ ਭਗਤ ਸਿੰਘ ਅਤੇ ਡਾ.ਅੰਬੇਡਕਰ ਸਾਹਿਬ ਵੱਲੋਂ ਦਰਸਾਏ ਮਾਰਗ ਦੇ ਚੱਲਣ ਲਈ ਹਾਜ਼ਰੀਨ ਨੂੰ ਜਾਗਰੂਕ ਕੀਤਾ।

ਇਸ ਮੌਕੇ ਬੋਲਦਿਆਂ ਮੰਚ ਦੇ ਪ੍ਰਧਾਨ ਅਵਤਾਰ ਸਿੰਘ ਭੱਟੀਆਂ, ਮੀਤ ਪ੍ਰਧਾਨ ਸਮਸ਼ੇਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਾਡਾ ਮਕਸਦ ਪਿੰਡ ਵਿਚ ਮਿਹਨਤਕਸ਼ ਲੋਕਾਂ ਨੂੰ ਜਗਾਉਣਾ ਹੈ ਜਿਵੇਂ ਭਗਤ ਸਿੰਘ ਨੇ ਕਿਹਾ ਸੀ ਕਿ ਉਠੋ, ਨੌਜਵਾਨੋ ਸੁਤਿਆਂ ਨੂੰ ਯੁੱਗ ਬੀਤ ਗਏ ਨੇ। ਕਿਉਂਕਿ ਮੌਜੂਦਾ ਸਮੇਂ ਦੌਰਾਨ ਨੌਜਵਾਨ ਪੀੜ੍ਹੀ ਸਮੇਂ ਦੇ ਹਾਕਮਾਂ ਦੀਆਂ ਗਲਤ ਨੀਤੀਆਂ ਕਾਰਨ ਬੇਰੁਜਗਾਰੀ ਦੀ ਮਾਰ ਝਲ ਰਹੇ ਹਨ ਅਤੇ ਨਸ਼ਿਆਂ ਦੀ ਭੈੜੀ ਲਾਹਨਤ ਵਿਚ ਫਸ ਚੁੱਕੇ ਹਨ। ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਨਸ਼ੇ ਇਨਾਂ ਸਮੱਸਿਆਵਾਂ ਦਾ ਹੱਲ ਨਹੀਂ ਹੈ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਇਨ੍ਹਾਂ ਰੰਗ ਬਿਰੰਗੇ ਹਾਕਮਾਂ ਦੀਆਂ ਚਾਲਾਂ ਸਮਝਣੀਆਂ ਚਾਹੀਦੀਆਂ ਹਨ ਕਿਉਂਕਿ ਰੰਗ ਬਿਰੰਗੇ ਹਾਕਮ ਚਾਹੁੰਦੇ ਹਨ ਕਿ ਜੇਕਰ ਨੌਜਵਾਨ ਜਾਗ ਪਏ ਤਾਂ ਇਨ੍ਹਾਂ ਦੀਆਂ ਗਲਤ ਨੀਤੀਆਂ ਨੂੰ ਸਮਝ ਗਏ ਅਤੇ ਇਹਨਾਂ ਹਾਕਮਾਂ ਦੇ ਹਾਲਤਾਂ ਤੋਂ ਇਤਿਹਾਸ ਗਵਾਹ ਹੈ ਕਿ ਜਦੋਂ ਨੌਜਵਾਨਾਂ ਨੇ ਹਾਕਮਾਂ ਦੀਆਂ ਗਲਤ ਨੀਤੀਆਂ ਨੂੰ ਪਛਾਣ ਲਿਆ, ਉਸ ਸਮੇਂ ਲੋਕ ਲਹਿਰਾਂ ਨੇ ਹਾਕਮਾਂ ਦੀਆਂ ਨੀਂਦਾਂ ਉਡਾਈਆਂ ਹਨ, ਜੋ ਹਾਕਮਾਂ ਨੇ ਤਰ੍ਹਾਂ-ਤਰ੍ਹਾਂ ਦੇ ਢੰਗ ਅਪਣਾ ਕੇ ਜਿਵੇਂ ਗੰਦੇ-ਗੰਦੇ ਗੀਤਾਂ ਤੇ ਗੰਦੀਆਂ ਫਿਲਮਾਂ ਨੂੰ ਹੱਲਾ ਸ਼ੇਰੀ ਦੇ ਕੇ ਆਪਣੇ ਹਿੱਤਾਂ ਲਈ ਵਰਤਿਆ ਹੈ।

ਉਨ੍ਹਾਂ ਕਿਹਾ ਕਿ ਮਿਹਨਤਕਸ਼ ਜਮਾਤਾਂ ਨੂੰ ਇਨ੍ਹਾਂ ਦੀਆਂ ਚਾਲਾਂ ਸਮਝਣੀਆਂ ਚਾਹੀਦੀਆਂ ਹਨ ਅਤੇ ਆਪਣੇ ਸੰਘਰਸ਼ਾਂ ਦੇ ਪਿੜ ਵਿਚ ਕੁੱਦਣਾ ਚਾਹੀਦਾ ਹੈ ਅਤੇ ਸਮਾਜ ਨੂੰ ਸ਼ਹੀਦਾਂ ਅਤੇ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਸਾਹਿਬ ਦੇ ਵਿਚਾਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਪੜੋ, ਲਿਖੋ, ਸੰਘਰਸ਼ ਕਰੋ ਦੇ ਫਲਸਫੇ ਨੂੰ ਅਪਣਾਉਣਾ ਚਾਹੀਦਾ ਹੈ। ਇਸ ਮੌਕੇ ਲੋਕ ਹਿੱਤ ਰੰਗ ਮੰਚ ਖੱਟੜਾ ਚੁਹਰਾਮ ਦੇ ਨਿਰਦੇਸ਼ਕ ਟੋਨੀ ਖੱਟੜਾ ਦੀ ਟੀਮ ਵੱਲੋਂ ਨਾਟਕ ਸਰਹੱਦਾਂ ਹੋਰ ਵੀ ਨੇ,ਪੰਡਤ ਬਲਾਕੀ ਰਾਮ, ਬੁੱਤ ਜਾਗ ਪਿਆ, ਕੋਰੀਓਗ੍ਰਾਫੀਆਂ ਸਾਡੇ ਹਿੱਸੇ ਕਿਉਂ ਨਈ ਆਏ ਖੇਤ, ਸੁਣ ਧੀਏ ਲਾਡਲੀਏ, ਤੇਰਾ ਦੇਸ਼ ਭਗਤ ਸਿੰਘ, ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕਰਲਾਉਂਦੀ ਏ, ਮੱਘਦਾ ਰਹੀ ਵੇਂ ਸੂਰਜਾ ਕੰਮੀਆਂ ਦੇ ਵਿਹੜੇ, ਮੈਂ ਧੀ ਆਂ ਬਾਵਾ ਸਾਹਿਬ ਦੀ ਅਤੇ ਆਧਰ ਵਿਚ ਨਸ਼ਿਆਂ ਤੇ ਚੋਟ ਕਰਦੀ ਕਰਦੀ ਕੋਰੀਓਗ੍ਰਾਫੀ ਚਿੱਟੇ ਨੇ ਘਰ ਪੱਟੇ ਦੀ ਪੇਸ਼ਕਾਰੀ ਨੇ ਹਾਜ਼ਰ ਮਰਦਾਂ ਤੇ ਮਹਿਲਾਵਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਅੰਤ ਵਿਚ ਪ੍ਰਸਿੱਧ ਸਮਾਜਸੇਵੀ ਤੇ ਅੰਬੇਡਕਰੀ ਦਿਲਬਾਗ ਸਿੰਘ ਲੱਖਾ ਨੇ ਆਈ ਨਾਟਕ ਟੀਮ ਤੇ ਮਹਿਮਾਨਾਂ ਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪ੍ਰਕਾਸ਼ ਕੌਰ, ਬੇਅੰਤ ਸਿੰਘ ਕੌੜੀ, ਸਿਮਰਨ ਅੰਬੇਡਕਰੀ ਭੱਟੀਆ, ਪਰਮਜੀਤ ਸਿੰਘ, ਕੁਲਦੀਪ ਸਿੰਘ, ਬੇਅੰਤ ਸਿੰਘ ਪੰਚ ਕੌੜੀ, ਵਰਿੰਦਰ ਸਿੰਘ, ਗੁਰਜੰਟ ਸਿੰਘ ਨਸਰਾਲੀ, ਮਿੰਟਾ ਚੀਮਾ ਸਮੇਤ ਵੱਡੀ ਗਿਣਤੀ ਵਿਚ ਦਰਸ਼ਕ ਹਾਜ਼ਰ ਸਨ

ਧੂਰੀ ਗਜ਼ਲ ਸਕੂਲ ਵੱਲੋਂ ਸਫਲ ਸਿੱਖਿਆਰਥੀਆਂ ਨੂੰ ਪ੍ਰਮਾਣ ਪੱਤਰਾਂ ਦੀ ਵੰਡ

ਧੂਰੀ (ਸੁਖਦੇਵ ਧੂਰੀ) ਬੀਤੇ ਦਿਨੀਂ ਉਸਤਾਦ ਗਜਲਗੋ ਰਣਜੀਤ ਸਿੰਘ ਧੂਰੀ ਵੱਲੋਂ ਚਲਾਏ ਜਾ ਰਹੇ ਧੂਰੀ ਇਲਾਕੇ ਦੇ ਸੰਸਾਰ ਪ੍ਰਸਿੱਧ ਗਜਲ ਸਕੂਲ 'ਧੂਰੀ ਗਜਲ ਸਕੂਲ' ਵੱਲੋਂ ਇੱਕ ਸਾਲਾ ਗਜਲ ਕੋਰਸ ਸਫਲਤਾ ਪੂਰਵਕ ਮੁਕੰਮਲ ਕਰਨ ਵਾਲੇ ਸਿਖਿਆਰਥੀਆਂ ਨੂੰ ਪ੍ਰਮਾਣ ਪੱਤਰਾਂ ਦੀ ਵੰਡ ਕਰਨ ਲਈ ਇੱਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ, ਸਕੱਤਰ ਗੁਲਜਾਰ ਸਿੰਘ ਸੌਂਕੀ ਅਤੇ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਨੇ ਕੀਤੀ। ਇਸ ਸਮਾਗਮ ਵਿੱਚ ਦੇਸ਼ ਪ੍ਰਦੇਸ਼ ਤੋਂ ਪਹੁੰਚੇ ਸਿਖਿਆਰਥੀਆਂ ਵਿੱਚ ਸੋਹਨ ਸਿੰਘ ਬੈਨੀਪਾਲ, ਮਨਦੀਪ ਕੌਰ ਰਤਨ, ਸਵਿੰਦਰ ਸਿੰਘ ਭੱਟੀ ਸਾਇਰ, ਤਰਨਜੀਤ ਕੌਰ ਗਰੇਵਾਲ, ਰਣਜੀਤ ਸਿੰਘ ਕਾਲਾਬੂਲਾ ਪ੍ਰਮੁੱਖ ਸਨ। ਇਸ ਮੌਕੇ ਉਸਤਾਦ ਗਜਲਗੋ ਰਣਜੀਤ ਸਿੰਘ ਧੂਰੀ ਨੇ ਕਿਹਾ ਕਿ ਧੂਰੀ ਗਜਲ ਸਕੂਲ ਵੱਲੋਂ ਹਰ ਤਿਮਾਹੀ ਤਿਆਰੀ ਕਰਵਾਏ ਗਏ ਸਿਲੇਬਸ ਵਿੱਚੋਂ ਪ੍ਰੀਖਿਆ ਲੈ ਕੇ ਅੰਤਿਮ ਪ੍ਰੀਖਿਆ ਵਿੱਚ ਸਾਰੀਆਂ ਤਿਮਾਹੀਆਂ ਦੇ ਅੰਕ ਸਾਮਲ ਕਰਕੇ ਨਤੀਜਾ ਐਲਾਨਿਆ ਗਿਆ ਹੈ । ਇਸ ਮੌਕੇ ਸਫਲ ਸਿੱਖਿਆਰਥੀਆਂ ਵੱਲੋਂ ਆਪੋ ਆਪਣੀਆਂ ਗਜਲਾਂ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਹਿਤ ਸਭਾ ਦੇ ਜਨਰਲ ਸਕੱਤਰ ਸੰਤ ਸਿੰਘ ਬੀਹਲਾ, ਬਖਸ਼ੀ ਰਾਮ, ਡਾਕਟਰ ਰਜਿੰਦਰਪਾਲ, ਸੁਖਦੇਵ ਸਿੰਘ ਔਲਖ, ਹੰਸ ਰਾਜ ਗਰਗ, ਡਾਕਟਰ ਜੈ ਗੋਪਾਲ ਗੋਇਲ, ਜਗਦੇਵ ਸਰਮਾ ਬੁਗਰਾ,ਰਣਜੀਤ ਸਿੰਘ, ਚੌਧਰੀ ਪਵਨ ਕੁਮਾਰ ਵਰਮਾ, ਅਮਰਜੀਤ ਸਿੰਘ ਕਵੀਸਰ, ਸੁਖਵਿੰਦਰ ਸੁੱਖੀ, ਨਾਹਰ ਸਿੰਘ ਮੁਬਾਰਕਪੁਰੀ, ਡਾਕਟਰ ਰਾਕੇਸ਼ ਸ਼ਰਮਾ ਅਤੇ ਸੁਖਵਿੰਦਰ ਸਿੰਘ ਲੋਟੇ ਸਮੇਤ ਅਨੇਕਾਂ ਸਾਹਿਤਕਾਰ ਹਾਜ਼ਰ ਸਨ।

ਸਾਹਿਤ ਸਭਾ ਮਾਛੀਵਾੜਾ ਦੀ ਮਾਸਿਕ ਇਕੱਤਰਤਾ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਾਹਿਤ ਸਭਾ ਮਾਛੀਵਾੜਾ ਦੀ ਮਹੀਨਾਵਾਰ ਇਕੱਤਰਤਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਭਾ ਦੇ ਪ੍ਰਧਾਨ ਟੀ.ਲੋਚਨ ਦੀ ਪ੍ਰਧਾਨਗੀ ਵਿਚ ਹੋਈ ਜਿਸ ਵਿੱਚ ਰਘਬੀਰ ਸਿੰਘ ਭਰਤ, ਨਿਰੰਜਨ ਸੂਖਮ, ਮਲਕੀਤ ਸਿੰਘ, ਨਸੀਮ ਅਤੇ ਕਸ਼ਮੀਰ ਸਿੰਘ ਨੇ ਭਾਗ ਲਿਆ। ਰਚਨਾਵਾਂ ਦੇ ਦੌਰ 'ਚ ਕਸ਼ਮੀਰ ਸਿੰਘ ਨੇ ਗੀਤ 'ਸੰਭਲ-ਸੰਭਲ ਕੇ ਤੁਰੀਂ ਜਵਾਨਾ', ਰਘਬੀਰ ਸਿੰਘ ਭਰਤ ਨੇ ਲੇਖ 'ਮੇਰੀ ਮਨਪਸੰਦ ਪੁਸਤਕ ਪੰਜਾਬੀ ਸ਼ਾਇਰਾਂ ਦਾ ਤਜਰਬਾ' ਸੁਣਾਇਆ, ਮਲਕੀਤ ਸਿੰਘ ਨੇ ਗ਼ਜ਼ਲ 'ਸੰਝ, ਸਵੇਰ, ਦੁਪਹਿਰ ਰਾਤ ਕੀ ਜਦ ਪਰਛਾਵੇਂ ਢਲਦੇ ਨੇ, ਦਿਲ ਦੀ ਸਰਦਲ ਉੱਤੇ ਹਰਦਮ ਯਾਦ ਦੇ ਦੀਵੇ ਬਲਦੇ ਨੇ' ਸੁਣਾਈ।

ਨਸੀਮ ਨੇ ਗ਼ਜ਼ਲ 'ਮੁਰਦਾ ਹੈ ਤਾਂ ਸੀਸ ਨਿਵਾ ਕੇ ਤੁਰਿਆ ਚੱਲ, ਜ਼ਿੰਦਾ ਹੈ ਤਾਂ ਜ਼ਿੰਦਾਬਾਦ ਜ਼ਰੂਰੀ ਹੈ' ਸੁਣਾਈ, ਸ਼ਾਇਰ ਟੀ. ਲੋਚਨ ਨੇ ਗ਼ਜ਼ਲ 'ਸੱਚ ਨੂੰ ਪਾਸੇ ਹਟਾ ਬਸ ਤੂੰ ਉਨ੍ਹਾਂ ਦੇ ਗੁਣ ਜਤਾ, ਉਹ ਬਣੇਗਾ ਵੀਰ ਤੇਰਾ ਤੂੰ ਬਣੀ ਛੋਟਾ ਭਰਾ' ਸੁਣਾਈ। ਇਸ ਤੋਂ ਬਾਅਦ ਸ਼ਾਇਰ ਨਿਰੰਜਨ ਸੂਖਮ ਨੇ ਗ਼ਜ਼ਲ 'ਬੁੱਕ ਭਰ ਭਰ ਨੂਰ ਵੰਡਣ ਵਿਤਕਰਾ ਕੋਈ ਨਹੀਂ ਪਰ ਇਨਾਅਤ ਸੂਰਜਾਂ ਦੀ ਗੌਲਦਾ ਕੋਈ ਨਹੀਂ' ਸੁਣਾਈ। ਇਸ ਇਕੱਤਰਤਾ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਨਿਰੰਜਨ ਸੂਖਮ ਨੇ ਕੀਤਾ। ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ 'ਤੇ ਉਸਾਰੂ ਬਹਿਸ ਵਿਚ ਹਾਜ਼ਰ ਸਾਹਿਤਕਾਰਾਂ ਨੇ ਭਾਗ ਲਿਆ।

ਕਾਤਰਾਂ

ਗੁਰੂ ਨਾਨਕ ਭਲਾਈ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਗੁਰਮਤਿ ਸਮਾਗਮ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਗੁਰੂ ਨਾਨਕ ਭਲਾਈ ਐਂਡ ਵੈੱਲਫੇਅਰ ਸੁਸਾਇਟੀ ਫਿਰੋਜ਼ਪੁਰ ਵੱਲੋਂ ਸਮੂਹ ਸ਼੍ਰੋਮਣੀ ਭਗਤਾਂ ਦੀ ਯਾਦ ਤੇ ਖਾਲਸਾ ਜੀ ਦੇ ਪ੍ਰਗਟ ਦਿਹਾੜੇ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਜੱਜਾਂ, ਧਰਮਸ਼ਾਲਾ ਭਾਈ ਮੋਤੀ ਰਾਮ ਕੰਬੋਜ ਨਗਰ ਫਿਰੋਜ਼ਪੁਰ ਸ਼ਹਿਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਭਾਈ ਮਲਕੀਤ ਸਿੰਘ ਫਿਰੋਜ਼ਪੁਰ ਵਾਲੇ ਤੇ ਭਾਈ ਦਵਿੰਦਰ ਸਿੰਘ ਜੀ ਸੋਹਾਣੇ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਇਸ ਸਮਾਗਮ ਵਿੱਚ ਬੱਚਿਆਂ ਨੂੰ ਗੁਰਮਤਿ ਬਾਰੇ ਸੁਆਲ ਜੁਆਬ ਪੁੱਛ ਕੇ ਇਨਾਮ ਦਿੱਤੇ ਗਏ। ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਸਕੂਲ ਬੈਗ ਵੰਡੇ। ਪ੍ਰੋ. ਹਰਪ੍ਰੀਤ ਸਿੰਘ ਮੁੱਖ ਸੇਵਾਦਾਰ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਡਾ. ਜੇ ਐੱਸ ਮੱਕੜ ਵੱਲੋਂ ਆਯੂਰਵੈਦਿਕ ਕੈਂਪ ਸੁਸਾਇਟੀ ਦੇ ਸਹਿਯੋਗ ਵੱਲੋਂ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ। ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਸਟੇਜ ਦੀ ਸੇਵਾ ਸਵਰਨ ਸਿੰਘ ਨੇ ਬਾਖੂਬੀ ਨਿਭਾਈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਸਮਾਗਮ ਵਿੱਚ ਗੁਰਵਿੰਦਰ ਸਿੰਘ ਐੱਸ ਡੀ ਓ, ਕੰਵਰਜੀਤ ਸਿੰਘ ਜੌਂਟੀ, ਕੁਲਦੀਪ ਸਿੰਘ, ਤਜਿੰਦਰ ਸਿੰਘ, ਅਮਰਜੀਤ ਸਿੰਘ, ਦਿਲਬਾਗ ਸਿੰਘ ਵੱਲੋਂ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਪੂਰਨ ਸਹਿਯੋਗ ਦਿੱਤਾ ਗਿਆ।

ਕਰਜ਼ੇ ਤੋਂ ਤੰਗ ਕਿਸਾਨ ਵੱਲੋਂ ਖੁਦਕੁਸ਼ੀ

ਮਾਨਸਾ (ਆਤਮਾ ਸਿੰਘ ਪਮਾਰ)-ਮਾਨਸਾ ਨੇੜਲੇ ਪਿੰਡ ਚਕੇਰੀਆਂ ਦੇ ਇੱਕ ਕਿਸਾਨ ਵੱਲੋਂ ਕਰਜ਼ੇ ਦੇ ਬੋਝ ਤੋਂ ਪ੍ਰੇਸ਼ਾਨ ਹੋ ਕੇ ਰੇਲ ਗਡੀ ਅੱਗੇ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰਨ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਕਿਸਾਨ ਜਸਵੀਰ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਚਕੇਰੀਆਂ ਦੇ ਸਿਰ ਲਗਪਗ 4 ਲੱਖ ਦੇ ਕਰੀਬ ਸਰਕਾਰੀ ਅਤੇ ਨਿੱਜੀ ਕਰਜ਼ਾ ਸੀ, ਜਿਸ ਤੋਂ ਉਹ ਅਕਸਰ ਹੀ ਪ੍ਰੇਸ਼ਾਨ ਰਹਿੰਦਾ ਸੀ । ਪਿਛਲੇ ਦਿਨ ਤੇਜ਼ ਹਵਾਵਾਂ ਅਤੇ ਮੀਂਹ ਕਾਰਨ ਹੋਈ ਫਸਲ ਦੀ ਬਰਬਾਦੀ ਹੀ ਮੌਤ ਦਾ ਕਾਰਨ ਬਣ ਗਈ । ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਦੋ ਨਬਾਲਗ ਬੇਟੇ ਛੱਡ ਗਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੇ ਜ਼ਿਲ੍ਹਾ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕ ਦੇ ਪਰਵਾਰ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ ।

ਏ ਐੱਸ ਆਈ ਧਰਮਵੀਰ ਸਿੰਘ ਬਣੇ ਸਬ-ਇੰਸਪੈਕਟਰ

ਸ੍ਰੀ ਮੁਕਤਸਰ ਸਾਹਿਬ(ਸ਼ਮਿੰਦਰਪਾਲ /ਪੂਜਾ) ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਦੇ ਏ.ਐਸ.ਆਈ ਧਰਮਵੀਰ ਸਿੰਘ ਜੋ ਬਤੌਰ ਆਪਣੀਆਂ ਸੇਵਾਵਾਂ ਇੰਚਾਰਜ ਸਕਿਊਰਟੀ ਬ੍ਰਾਂਚ ਵਜੋਂ ਨਿਭਾ ਰਹੇ ਹਨ। ਜਿਨ੍ਹਾਂ ਨੂੰ ਵਧੀਆ ਡਿਊਟੀ ਅਤੇ ਵਧੀਆ ਕਾਰਜ਼ਸ਼ੈਲੀ ਲਈ ਐਸ.ਆਈ ਪੱਦਉਨਤ ਕੀਤਾ ਗਿਆ। ਇਸ ਮੌਕੇ ਸ੍ਰੀ ਕੁਲਵੰਤ ਰਾਏ, ਸ.ਅਵਤਾਰ ਸਿੰਘ ਡੀ.ਐਸ.ਪੀ (ਐਚ) ਵੱਲੋਂ ਲਗਾਏ ਗਏ ਇਸ ਮੌਕੇ ਉਨ੍ਹਾਂ ਦੇ ਨਾਲ ਸ.ਬਲਕਾਰ ਸਿੰਘ ਡੀ.ਐਸ.ਪੀ (ਮਲੋਟ), ਰਾਜੇਸ਼ ਸਨੇਹੀ ਬੱਤਾ ਡੀ.ਐਸ.ਪੀ (ਡੀ), ਕੁਲਦੀਪ ਸਿੰਘ ਡੀ.ਐਸ.ਪੀ, ਜਸਬੀਰ ਸਿੰਘ ਡੀ.ਐਸ.ਪੀ ਗਿਦੜਬਾਹਾ ਅਤੇ ਡਾਇਟੀਸ਼ੀਅਨ ਅਮਨਦੀਪ ਸਿੰਘ ਮੌਜੂਦ ਸਨ।

ਕਰਮਚਾਰੀਆਂ ਦੀ ਸੁਵਿਧਾ ਨੂੰ ਲੈ ਕੇ ਜਾਗਰੂਕਤਾ ਕੈਂਪ

ਧੂਰੀ /ਸੰਗਰੂਰ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਕੇਂਦਰੀ ਲੇਬਰ ਤੇ ਇੰਪਲਾਈਮੈਂਟ ਵਿਭਾਗ ਵੱਲੋਂ ਇੰਫੋਰਸਮੈਂਟ ਅਧਿਕਾਰੀ ਦਵਿੰਦਰ ਕੁਮਾਰ ਦੀ ਅਗਵਾਈ ਹੇਠ ਪ੍ਰਾਈਵੇਟ ਖੇਤਰ ਦੇ ਕਰਮਚਾਰੀਆਂ ਨੂੰ ਈ.ਪੀ.ਐੱਫ. ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਸਥਾਨਕ ਐੱਸ ਐੱਨ ਏ ਦਯਾਨੰਦ ਪਬਲਿਕ ਸਕੂਲ ਸੰਗਰੂਰ ਵਿਖੇ ਇਕ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਵਿਭਾਗ ਦੇ ਅਧਿਕਾਰੀ ਦਵਿੰਦਰ ਕੁਮਾਰ ਵੱਲੋਂ ਕਰਮਚਾਰੀਆਂ ਤੇ ਉਨ੍ਹਾਂ ਦੇ ਇੰਪਲਾਇਰਾਂ ਨੂੰ ਪੈਨਸ਼ਨ, ਈ.ਪੀ.ਐੱਫ., ਈ.ਡੀ.ਐੱਲ.ਆਈ, ਐਡਵਾਂਸ ਲੈਣ ਤੇ ਹੋਰ ਅਧਿਕਾਰਾਂ ਬਾਰੇ ਅਹਿਮ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਰਮਚਾਰੀਆਂ ਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਈ.ਪੀ.ਐੱਫ.ਓ. ਨਾਲ ਜੁੜਣ ਦੀ ਅਪੀਲ ਕੀਤੀ ਤੇ ਇਸ ਸਬੰਧੀ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਵੀ ਦਿੱਤੀ। ਇਸ ਮ

30-March-PAGE- 8.qxd 3/29/2023 10:42 PM Page 1

ਯੂ ਕੇ ਵਿਖੇ ਗੁਰੂ ਰਵਿਦਾਸ ਜੀ ਦੇ ਜੀਵਨ, ਸਮਾਂ ਤੇ ਫਿਲਾਸਫੀ 'ਤੇ ਸੈਮੀਨਾਰ

ਹੁਸ਼ਿਆਰਪੁਰ (ਓ ਪੀ ਰਾਣਾ) ਗੁਰੂ ਰਵਿਦਾਸ ਜੀ ਦਾ ਜੀਵਨ ,ਸਮਾਂ ਅਤੇ ਫਿਲਾਸਫੀ ਦੇ ਵਿਸ਼ੇ 'ਤੇ ਇਕ ਇੰਟਰਨੈਸ਼ਨਲ ਪੱਧਰੀ ਸੈਮੀਨਾਰ ਗੁਰੂ ਰਵਿਦਾਸ ਕਮਿਊਨਿਟੀ ਹਾਲ ਵੁਲਵਰਹੈਂਪਟਨ ਯੂ ਕੇ ਵਿਖੇ ਬ੍ਰਿਟਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਵੱਲੋਂ ਆਯੋਜਿਤ ਕੀਤਾ ਗਿਆ । ਸੈਮੀਨਾਰ ਦਾ ਵਿਸ਼ਾ ਪ੍ਰੋ:ਰੌਣਕੀ ਰਾਮ ,ਸ਼ਹੀਦ ਭਗਤ ਸਿੰਘ ਚੇਅਰ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਪੜ੍ਹਿਆ ਗਿਆ। ਬੀਬੀ ਜਗਦੀਸ਼ ਕੌਰ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਅੰਦਰ ਔਰਤਾਂ ਦੇ ਅਧਿਕਾਰਾਂ ਤੇ ਮਹੱਤਤਾ ਵਿਸ਼ੇ 'ਤੇ ਵਿਚਾਰ ਪੇਸ਼ ਕੀਤੇ। ਗੁਰੂ ਰਵਿਦਾਸ ਜੀ ਦੇ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਸ੍ਰੀ ਚਰਨ ਛੋਹ ਗੰਗਾ ਨਾਲ ਇਤਿਹਾਸਕ ਸੰਬੰਧਾਂ ਬਾਰੇ ਗਿਆਨ ਚੰਦ ਦੀਵਾਲੀ ਸਾਬਕਾ ਮੈਂਬਰ ਐਸ ਸੀ ਕਮਿਸਨ ਪੰਜਾਬ ਅਤੇ ਪ੍ਰਧਾਨ ਆਲ ਇੰਡੀਆ ਆਦਿ-ਧਰਮ ਮਿਸਨ ਪੰਜਾਬ ਯੂਨਿਟ ਵੱਲੋਂ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦੇ ਇਤਿਹਾਸਕ ਅਸਥਾਨਾਂ ਦੀ ਖੋਜ ਬਾਬਾ ਬੰਤਾ ਰਾਮ ਘੇੜਾ ਨੇ ਜੀਵਨ ਭਰ ਦੀਆਂ ਯਾਤਰਾਵਾਂ ਕਰਕੇ ਕੌਮ ਦੇ ਹਵਾਲੇ ਕੀਤੇ। ਉਨਾਂ ਦੱਸਿਆ ਕਿ ਸਤਿਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਸੀਰ ਗਵਰਧਨ ਪੁਰ ਕਾਂਸ਼ੀ ਬਨਾਰਸ, ਸ੍ਰੀ ਖੁਰਾਲਗੜ੍ਹ,ਸ੍ਰੀ ਚਰਨਛੋਹ ਗੰਗਾ ਤੋਂ ਇਲਾਵਾ ਹੋਰ ਬਹੁਤ ਸਾਰੇ ਇਤਿਹਾਸਕ ਸਥਾਨਾਂ ਦੀ ਖੋਜ ਬਾਬਾ ਬੰਤਾ ਰਾਮ ਘੇੜਾ ਵਲੋਂ 1964 ਤੋਂ ਕੀਤੀ ਸੀ।ਉਨਾਂ ਦੱਸਿਆ ਕਿ ਸ੍ਰੀ ਚਰਨਛੋਹ ਗੰਗਾ ਸਚਖੰਡ ਖੁਰਾਲਗੜ੍ਹ ਅੱਜ ਆਦਿ ਧਰਮੀ ਸੰਗਤਾਂ ਲਈ ਮੱਕਾ ਮਦੀਨਾ ਬਣ ਚੁੱਕਾ ਹੈ ਜਿਥੇ ਰੋਜ਼ਾਨਾ ਸੈਂਕੜੇ ਸ਼ਰਧਾਲੂ ਆਕੇ ਸਤਿਗੁਰੂ ਰਵਿਦਾਸ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਉਨਾਂ ਦੱਸਿਆ ਕਿ ਸਤਿਗੁਰੂ ਰਵਿਦਾਸ ਜੀ ਰੂਹਾਨੀਅਤ ਅਤੇ ਇਨਸਾਨੀਅਤ ਦਾ ਪ੍ਰਚਾਰ ਕਰਦੇ ਹੋਏ 1515 ਈਸਵੀ ਨੂੰ ਆਪਣੀ ਪਰਮ ਸੇਵਕ ਮੀਰਾਂ ਬਾਈ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਇਥੇ ਆਏ ਸਨ ਅਤੇ 4 ਸਾਲ 2 ਮਹੀਨੇ ਤੇ 11 ਦਿਨ ਇਸ ਅਸਥਾਨ ਤੇ ਰਹਿ ਕੇ ਉਨਾਂ ਪ੍ਰਭੂ ਭਗਤੀ ਕੀਤੀ ਅਤੇ ਉਚ ਨੀਚ,ਜਾਤ ਪਾਤ, ਭਿੰਨ ਭੇਦ ਖਤਮ ਕਰਕੇ ਸਤਿਸੰਗਤ ਮਿਲ ਰਹੀਏ ਦਾ ਉਪਦੇਸ਼ ਦਿੱਤਾ। ਉਨਾਂ ਦੱਸਿਆ ਕਿ ਗੁਰੂ ਜੀ ਨੇ ਰਾਜਾ ਬੇਨ ਸਿੰਘ ਦਾ ਹੰਕਾਰ ਤੋੜਨ ਲਈ ਤੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਅੰਮ੍ਰਿਤਕੁੰਡ ਗੰਗਾ ਆਪਣੇ ਪੈਰ ਦੇ ਅੰਗੂਠੇ ਨਾਲ ਚਲਾਈ ਜੋ ਅੱਜ ਵੀ ਨਿਰੰਤਰ ਚੱਲ ਰਹੀ ਹੈ। ਉਨਾਂ ਦੱਸਿਆ ਕਿ ਹਰ ਸਾਲ 11 ਅਪ੍ਰੈਲ ਤੋਂ 14 ਅਪ੍ਰੈਲ ਤੱਕ ਮਹਾਤਮਾ ਜੋਤੀਬਾ ਫੂਲੇ,ਅੰਮ੍ਰਿਤ ਧਾਰਾ ਪ੍ਰਗਟ ਦਿਵਸ ਅਤੇ ਡਾ. ਅੰਬੇਡਕਰ ਜਨਮ ਦਿਨ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਤੇ ਵਿਸਾਖੀ ਤੇ ਸਮਾਗਮ ਆਲ ਇੰਡੀਆ ਆਦਿ ਧਰਮ ਮਿਸ਼ਨ ਤੇ ਪ੍ਰਬੰਧਕ ਕਮੇਟੀ ਵਲੋਂ ਮਨਾਏ ਜਾਂਦੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਬੇਗਮਪੁਰੇ ਦੇ ਸੰਕਲਪ ਸੰਬੰਧੀ ਹਰਦੀਪ ਭਟੋਆ ਐਡਵੋਕੇਟ ਨੇ ਵਿਚਾਰ ਪੇਸ਼ ਕੀਤੇ । ਹਾਜਰ ਵਿਅਕਤੀਆਂ ਵੱਲੋਂ ਸਵਾਲ ਜਵਾਬ ਵੀ ਹੋਏ ਤੇ ਪ੍ਰੋ: ਰੌਣਕੀ ਰਾਮ ਵੱਲੋਂ ਜਵਾਬ ਦਿੱਤੇ ਗਏ । ਸੈਮੀਨਾਰ ਨੂੰ ਫਾਊਂਡੇਸਨ ਦੇ ਚੇਅਰਮੈਨ ਓਮ ਪ੍ਰਕਾਸ਼ ਬਾਘਾ, ਸੈਕਟਰੀ ਸੱਤਪਾਲ ਅਤੇ ਸਮੁੱਚੀ ਟੀਮ ਵੱਲੋਂ ਬਹੁਤ ਹੀ ਵਧੀਆ ਢੰਗ ਅਤੇ ਪ੍ਰਬੰਧਾਂ ਹੇਠ ਕਾਮਯਾਬ ਕੀਤਾ ਗਿਆ। ਸੈਮੀਨਾਰ ਵਿੱਚ ਲੋਕਾਂ ਦੀ ਹਾਜਰੀ ਵੀ ਭਰਵੀਂ ਰਹੀ। ਸਟੇਜ ਦੀ ਸੇਵਾ ਡਾ: ਉਪਿੰਦਰਜੀਤ ਕੌਰ ਤੱਖਰ ਐਸੋਸੀਏਟ ਪ੍ਰੋਫੈਸਰ ਆਫ ਸਿੱਖ ਸਟੱਡੀਜ, ਸੈਂਟਰ ਫਾਰ ਸਿੱਖ ਐਂਡ ਪੰਜਾਬੀ ਸਟੱਡੀਜ ਯੂਨੀਵਸਿਟੀ ਵੁਲਵਰਹੈਂਪਟਨ ਵੱਲੋਂ ਬਾ-ਖੂਬੀ ਨਿਭਾਈ ਗਈ ਤੇ ਆਪਣੇ ਵਡਮੁੱਲੇ ਵਿਚਾਰ ਵੀ ਪੇਸ਼ ਕੀਤੇ ।

ਪੰਜਾਬ ਦੀ ਟੀਮ ਨੇ ਫੁੱਟਬਾਲ ਚੈਂਪੀਅਨਸ਼ਿਪ 'ਚ ਹਾਸਲ ਕੀਤਾ ਚੌਥਾ ਸਥਾਨ

ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)— ਆਲ ਇੰਡੀਆ ਸਿਵਲ ਸਰਵਿਸਜ਼ ਫੁੱਟਬਾਲ ਚੈਂਪੀਅਨਸ਼ਿੱਪ ਜੋ ਭੁਵਨੇਸ਼ਵਰ (ਉੜੀਸ਼ਾ) ਵਿਖੇ ਹੋਈ ਸੀ। ਇਸ ਵਿੱਚ ਦੇਸ਼ ਦੀਆਂ 34 ਟੀਮਾਂ ਨੇ ਭਾਗ ਲਿਆ। ਸਪੋਰਟਸ ਵਿਭਾਗ ਪੰਜਾਬ ਸੂਬੇ ਦੀ ਫੁੱਟਬਾਲ ਟੀਮ ਅਮਿਤ ਤਲਵਾੜ ਆਈ.ਏ.ਐਸ. ਡਾਇਰੈਕਟਰ ਸਪੋਰਟਸ ਦੀ ਰਹਿਨੁਮਾਈ ਹੇਠ ਭੁਵਨੇਸ਼ਵਰ (ਉੜੀਸਾ) ਵਿਖੇ ਖੇਡਣ ਗਈ। ਜਿਸ ਦੀ ਜਾਣਕਾਰੀ ਟੀਮ ਕੋਚ ਅਧਿਆਤਮ ਪ੍ਰਕਾਸ਼ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿਊੜ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਜਿੱਥੇ ਚੈਨਈ, ਕਲਕੱਤਾ ਅਤੇ ਦਿੱਲੀ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ ਉੱਥੇ ਹੀ ਪੰਜਾਬ ਦੀ ਟੀਮ ਨੇ ਭਾਰਤ ਦੇਸ਼ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ। ਪੰਜਾਬ ਨੇ ਪਹਿਲੇ ਮੈਚ ਵਿੱਚ ਉੱਤਰ ਪ੍ਰਦੇਸ਼ ਨੂੰ 7-0 ਨਾਲ, ਲਕਸ਼ਦੀਪ ਨੂੰ 4-0 ਨਾਲ ਅਤੇ ਕੁਆਟਰ ਫਾਈਨਲ ਵਿੱਚ ਗੋਆ ਨੂੰ 5-0 ਗੋਲਾਂ ਨਾਲ ਹਰਾ ਕੇ ਸੈਮੀ ਫਾਈਲਨ ਵਿੱਚ ਪ੍ਰਵੇਸ਼ ਕੀਤਾ। ਪੰਜਾਬ ਦੀ ਟੀਮ ਵਿੱਚ ਸੱਜਨ ਗਿੱਲ, ਰਮਨਜੀਤ ਸਿੰਘ, ਮਨਪ੍ਰੀਤ ਸਿੰਘ, ਹਰਵਿੰਦਰ ਸਿੰਘ, ਗੁਰਦੀਪ ਸਿੰਘ, ਸਰਬਜੀਤ ਸਿੰਘ, ਸੁਖਦੀਪ ਸਿੰਘ, ਮਨਮੋਹਨ ਸਿੰਘ, ਅਮਰਜੀਤ ਸਿੰਘ, ਕੁਲਵਿੰਦਰ ਸਿੰਘ, ਗੁਰਕੀਰਤ ਸਿੰਘ, ਸੈਮੁਅਲ ਮਸੀਹ, ਹਰਪ੍ਰੀਤ ਸਿੰਘ, ਪਰਦੀਪ ਸਿੰਘ, ਚੀਰੰਜੀ ਲਾਲ, ਗੁਰਿੰਦਰਪਾਲ ਸਿੰਘ, ਅਮਰਜੀਤ ਸਿੰਘ, ਗੁਰਜੀਤ ਸਿੰਘ, ਨਵਿੰਦਰ ਸਿੰਘ, ਟੀਮ ਕੋਚ ਅਧਿਅਤਮ ਪ੍ਰਕਾਸ਼ ਅਤੇ ਟੀਮ ਮੈਨੇਜਰ ਇੰਦਰਜੀਤ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪੂਰੇ ਦੇਸ਼ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।

ਅਮਨ-ਕਾਨੂੰਨ ਦੇ ਮੱਦੇਨਜ਼ਰ ਪੁਲਸ ਵੱਲੋਂ ਫਲੈਗ ਮਾਰਚ

ਫਿਲੌਰ (ਨਿਰਮਲ) ਪੰਜਾਬ ਵਿੱਚ ਅੱਜਕੱਲ੍ਹ ਦੇ ਹਾਲਾਤ ਨੂੰ ਲੈ ਕੇ ਫਿਲੌਰ ਪੁਲਿਸ ਵੱਲੋਂ ਡੀਐਸਪੀ ਫਿਲੌਰ ਜਗਦੀਸ਼ਰਾਜ, ਸੁਰਿੰਦਰ ਕੁਮਾਰ ਐਸਐਚਓ ਫਿਲੌਰ, ਹਰਜਿੰਦਰ ਸਿੰਘ ਐਸ ਐਚ ਓ ਗੁਰਾਇਆ ਮਹਿੰਦਰਪਾਲ ਐਸਐਚਓ ਬਿਲਗਾ ਦੀ ਅਗਵਾਈ ਹੇਠ ਥਾਣਾ ਫਿਲੌਰ,ਗੁਰਾਇਆ, ਬਿਲਗਾ ਪੁਲਿਸ ਕਰਮਚਾਰੀਆਂ ਵੱਲੋਂ ਫਿਲੌਰ ਤਲਵਾਨ ਰੋਡ ਨੂਰਮਹਲ ਤੇ ਸਹਿਰ ਫਿਲੌਰ ਵਿਖੇ ਭਾਰੀ ਪੁਲਸ ਫੋਰਸ ਨੂੰ ਨਾਲ ਲੈ ਕੇ ਫਲੈਗ ਮਾਰਚ ਕੀਤਾ ਗਿਆ। ਡੀ ਐਸ ਪੀ ਫਿਲੌਰ ਨੇ ਦੱਸਿਆ ਕਿ ਫਿਲੌਰ ਸਬ ਡਵੀਜਨ ਵਿੱਚ ਅਮਨ ਕਾਨੂੰਨ ਦੀ ਹਾਲਤ ਬਿਲਕੁਲ ਠੀਕ ਹੈ ਪਲਿਸ ਚੌਕਸੀ ਵਰਤ ਰਹੀ ਹੈ ਚੈਕਿੰਗ ਕੀਤੀ ਜਾ ਰਹੀ ਹੈ ਰਾਤ ਵੇਲੇ ਵੀ ਚੈਕਿੰਗ ਤੇ ਗਸ਼ ਕੀਤੀ ਜਾ ਰਹੀ ਹੈ ਉਨ੍ਹਾਂ ਇਲਾਕਾ ਨਿਵਾਸੀਆ ਨੂੰ ਕਿਹਾ ਕਿ ਉਹ ਅਫਵਾਹਾਂਤੇ ਯਕੀਨ ਨਾ ਕਰਨ ਜੇ ਕਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਪੁਲਿਸ ਨਾਲ ਸੰਪਰਕ ਕਰਨ।

ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਚੈਰਿਟੀ ਸੈਮੀਨਾਰ

ਕਰਤਾਰਪੁਰ (ਹਰਮੇਸ ਦੱਤ) ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਉਨਿਟੀ ਪੁਲਿਸ ਅਫਸਰ ਜਲੰਧਰ ਦਿਹਾਤੀ ਦੀ ਦੇਖ ਰੇਖ ਹੇਠ ਸਬ ਡਵੀਜਨ ਸਾਂਝ ਕੇਂਦਰ ਕਰਤਾਰ ਪੁਰ ਵੱਲੋਂ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਐਸ ਆਈ ਪੂਰਨ ਸਿੰਘ ਦੀ ਸੁਪਰਵਿਜ਼ਨ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਬ੍ਰਹਮਪੁਰ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ । ਸੈਮੀਨਾਰ ਵਿੱਚ ਸਕੂਲ ਦੇ ਪਹਿਲੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਦੇ ਲੋੜਵੰਦ 30 ਬੱਚਿਆਂ ਨੂੰ ਕਾਪੀਆਂ ਅਤੇ ਜੁਮੈਟਰੀ ਬਾਕਸ ਵੰਡੇ ਗਏ । ਇਸ ਮੌਕੇ ਏ ਐਸ ਆਈ ਜਗਤਾਰ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋ ਦਿਤੀਆਂ ਜਾਣ ਸੇਵਾਵਾਂ ,ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਜਾਣਕਾਰੀ ਦਿੱਤੀ ਗਈ। ਡੀ ਏ ਵੀ ਹਾਈ ਸਕੂਲ ਕਰਤਾਰਪੁਰ ਦੇ ਪ੍ਰਿੰਸੀਪਲ ਮੁਕੇਸ਼ ਕੁਮਾਰ ਵੱਲੋਂ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਤੇ ਟੀਚਰਾਂ ਦੇ ਆਗਿਆਕਾਰੀ ਬਣਨ ਅਤੇ ਮਨ ਲਗਾ ਕੇ ਪੜ੍ਹਨ ਲਈ ਪ੍ਰੇਰਿਆ ਗਿਆ । ਸੀਨੀਅਰ ਸਿਪਾਹੀ ਗੁਰਪ੍ਰੀਤ ਸਿੰਘ ਵੱਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਬਚ ਕੇ ਰਹਿਣ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਗਿਆ। ਸੈਮੀਨਾਰ ਵਿੱਚ ਸਕੂਲ ਦੀ ਇੰਚਾਰਜ ਮੈਡਮ ਕਮਲਜੀਤ ਕੌਰ ,ਮੈਡਮ ਕੁਲਵਿੰਦਰ ਕੌਰ , ਮੈਡਮ ਹਰਪ੍ਰੀਤ ਕੌਰ ਅਤੇ ਸਕੂਲ ਦਾ ਹੋਰ ਸਟਾਫ ਹਾਜਰ ਸੀ ।

'ਬੱਚਿਆਂ ਦੇ ਭਵਿੱਖ' 'ਤੇ ਸੈਮੀਨਾਰ 6 ਨੂੰ

ਫਿਲੌਰ : ਬੱਚਿਆਂ ਦੇ ਭਵਿੱਖ 'ਤੇ 6 ਅਪ੍ਰੈਲ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਮੁਆਈ ਫਿਲੌਰ ਵਿਖੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ 'ਚ ਬੱਚਿਆ ਦੇ ਮਾਤਾ ਪਿਤਾ ਸਕੂਲ ਦੇ ਅਧਿਆਪਕ ਨਾਲ ਬੱਚਿਆਂ ਦੀ ਪੜ੍ਹਾਈ ਬਾਰੀ ਜਾਂ ਬੱਚਿਆਂ ਦੇ ਸਕੂਲ ਵਿੱਚ ਵਿਵਹਾਰ ਸੰਬੰਧੀ ਵਿਚਾਰ ਕੀਤੀ ਜਾਵੇਗੀ। ਸਮਾਗਮ ਵਿੱਚ ਹਰ ਵਰਗ ਦੇ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਸਮਾਗਮ 'ਚ 15 ਬੱਚਿਆਂ ਨੂੰ ਇਨਾਮ ਵੀ ਦਿੱਤੇ ਜਾਣਗੇ। ਸਮਾਗਮ ਦੌਰਾਨ ਚਾਹ ਪਾਣੀ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

ਦੁਕਾਨਦਾਰ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ਼ ਮਾਮਲਾ ਦਰਜ

ਅੱਡਾ ਸਰਾਂ (ਕਾਜਲ)-ਸਥਾਨਕ ਅੱਡੇ 'ਤੇ ਬੀਤੀ ਰਾਤ ਇਕ ਦੁਕਾਨਦਾਰ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਕਾਰ ਸਵਾਰ ਦੋ ਲੁਟੇਰਿਆਂ ਦੇ ਖਿਲਾਫ ਟਾਂਡਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ । ਥਾਣਾ ਮੁਖੀ ਟਾਂਡਾ ਐੱਸ.ਆਈ.ਮਲਕੀਅਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਹ ਮਾਮਲਾ ਰਜਿੰਦਰ ਪਾਲ ਪੁੱਤਰ ਚਾਨਣ ਰਾਮ ਵਾਸੀ ਮੁਰਾਦਪੁਰ ਨਰਿਆਲ ਦੇ ਬਿਆਨ ਦੇ ਅਧਾਰ 'ਤੇ ਅਣਪਛਾਤੇ ਸਵਿਫਟ ਕਾਰ ਸਵਾਰ ਦੋ ਲੋਕਾਂ ਦੇ ਖਿਲਾਫ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਰਜਿੰਦਰ ਪਾਲ ਨੇ ਦੱਸਿਆ ਕਿ ਜਦੋਂ ਉਹ ਆਪਣੇ ਪੁੱਤਰ ਵਰਿੰਦਰ ਕੁਮਾਰ ਦੇ ਨਾਲ ਰਾਤ ਨੂੰ ਆਪਣੀ ਕਰਿਆਨਾ ਦੀ ਦੁਕਾਨ ਬੰਦ ਕਰ ਰਿਹਾ ਸੀ ਤਾਂ ਉਸ ਸਮੇਂ ਜਦੋਂ ਉਹ ਨਕਦੀ ਵਾਲਾ ਬੈਗ ਰੱਖਣ ਲਈ ਆਪਣੀ ਕਾਰ ਵੱਲ ਗਿਆ ਤਾਂ ਕਾਰ 'ਤੇ ਸਵਾਰ ਹੋ ਕੇ ਆਏ ਲੁਟੇਰਿਆਂ ਨੇ ਉਸ ਕੋਲੋਂ ਬੈਗ ਖੋਹਣ ਦੀ ਕੋਸ਼ਿਸ਼ ਕੀਤੀ। ਇੰਨੇ ਨੂੰ ਜਦੋ ਉਸਨੇ ਨਕਦੀ ਵਾਲਾ ਬੈਗ ਆਪਣੀ ਕਾਰ ਵਿਚ ਸੁੱਟ ਦਿੱਤਾ ਤਾਂ ਲੁਟੇਰਿਆਂ ਨੇ ਉਸ ਨਾਲ ਧੱਕਾਮੁੱਕੀ ਕੀਤੀ। ਜਦੋਂ ਉਸਨੇ ਰੌਲਾ ਪਾਇਆ ਤਾਂ ਲੁਟੇਰੇ ਰਾਈਫਲ ਨਾਲ ਹਵਾ ਵਿਚ ਫਾਇਰ ਕਰਦੇ ਹੋਏ ਫਰਾਰ ਹੋ ਗਏ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਵਾਏ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਰਾਜਪੁਰ ਭਾਈਆਂ ਵਿਖੇ ਗੁਰਦੁਆਰਾ ਬਾਬਾ ਮੇਹਰ ਸਿੰਘ ਜੀ ਅਸਥਾਨ 'ਤੇ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਗਿਆਨੀ ਜਸਵੰਤ ਸਿੰਘ ਕਥਾ ਵਾਚਕ ਮੰਜੀ ਸਾਹਿਬ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਤੇ ਭਾਈ ਸੁਖਦੇਵ ਸਿੰਘ ਹੈੱਡ ਗ੍ਰੰਥੀ ਨੇ ਕਥਾ ਕੀਤੀ। ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਸੱਤਾ, ਜਥੇਦਾਰ ਜਸਵੀਰ ਸਿੰਘ ਸੰਘਾ ਸਾਬਕਾ ਸਰਪੰਚ, ਮਨਜੀਤ ਸਿੰਘ ਸਕੱਤਰ, ਸੁਖਦੇਵ ਸਿੰਘ ਖਜਾਨਚੀ, ਬਾਬਾ ਸੁਖਦੇਵ ਸਿੰਘ ਹੈੱਡ ਗ੍ਰੰਥੀ, ਪ੍ਰਤੀਮ ਸਿੰਘ, ਸੁਖਵਿੰਦਰ ਸਿੰਘ, ਹਰਭਜਨ ਸਿੰਘ, ਤਰਸੇਮ ਸਿੰਘ, ਸੋਨੀ ਸੰਘਾ, ਸੰਤੋਖ ਸਿੰਘ, ਜਸਪ੍ਰੀਤ ਸਿੰਘ, ਸੁਰਜੀਤ ਸਿੰਘ ਬਿੱਲਾ, ਬੀਬੀ ਹਰਬੰਸ ਕੌਰ, ਰਾਣਾ ਰਾਜਪੁਰ ਭਾਈਆਂ, ਮੁਖਤਿਆਰ ਸਿੰਘ, ਸੋਹਣ ਸਿੰਘ ਸਰਪੰਚ ਹੁੱਕੜਾ ਆਦਿ ਹਾਜਰ ਸਨ।

ਬਬਨਦੀਪ ਸਿੰਘ ਹੋਣਗੇ ਸੁਲਤਾਨਪੁਰ ਲੋਧੀ ਦੇ ਨਵੇਂ ਡੀਐਸਪੀ

ਸੁਲਤਾਨਪੁਰ ਲੋਧੀ(ਬਲਵਿੰਦਰ ਸਿੰਘ ਧਾਲੀਵਾਲ)- ਪੰਜਾਬ ਦੇ ਡੀਜੀਪੀ ਗੌਰਵ ਯਾਦਵ ਦੇ ਹੁਕਮਾਂ ਤੇ ਵੱਡੇ ਪੱਧਰ 'ਤੇ ਰੱਦੋਬਦਲ ਕੀਤੀ ਗਈ ਹੈ। ਜਿਸ ਵਿਚ 24 ਡੀਐਸਪੀ ਪੱਧਰ ਦੇ ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ ਜਿਨ੍ਹਾਂ ਵਿਚ ਸਬ ਡਵੀਜ਼ਨ ਸੁਲਤਾਨਪੁਰ ਲੋਧੀ ਦੇ ਡੀਐਸਪੀ ਸੁਖਵਿੰਦਰ ਸਿੰਘ ਦੀ ਬਦਲੀ ਕਪੂਰਥਲਾ ਕਰ ਦਿੱਤੀ ਗਈ ਹੈ, ਉਨ੍ਹਾਂ ਦੀ ਜਗ੍ਹਾ ਜਲੰਧਰ ਤੋਂ ਬਦਲ ਕੇ ਆਏ ਡੀਐਸਪੀ ਬਬਨਦੀਪ ਸਿੰਘ ਸਬ ਡਵੀਜ਼ਨ ਸੁਲਤਾਨਪੁਰ ਲ

30-March-PAGE- 9.qxd 3/29/2023 10:42 PM Page 1

ਇਨਸਾਫ਼ ਨਾ ਮਿਲਣ ਦੇ ਰੋਸ ਵਜੋਂ ਅਧਿਆਪਕਾਂ ਨੇ ਲਗਾਏ 'ਕਾਲੇ ਬਿੱਲੇ'

ਮਾਹਿਲਪੁਰ (ਸਫਰੀ)- ਫਾਜ਼ਿਲਕਾ ਜਿਲ੍ਹੇ ਤੋਂ ਤਰਨ ਤਾਰਨ ਵਿਖੇ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬੀਤੀ 24 ਮਾਰਚ ਨੂੰ ਦਰਪੇਸ਼ ਭਿਆਨਕ ਹਾਦਸੇ ਦੌਰਾਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਹੋਣ ਅਤੇ ਬਾਕੀਆਂ ਦੇ ਗੰਭੀਰ ਜਖ਼ਮੀ ਹੋਣ ਦੀ ਮੰਦਭਾਗੀ ਘਟਨਾ ਦੇ ਕਈ ਦਿਨ ਬੀਤਣ ਦੇ ਬਾਵਜੂਦ, ਪੰਜਾਬ ਸਰਕਾਰ ਵੱਲੋਂ ਅਣਮਨੁੱਖੀ ਰਵੱਈਆ ਦਿਖਾਉਂਦੇ ਹੋਏ ਕਿਸੇ ਤਰ੍ਹਾਂ ਦੇ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਗਿਆ ਹੈ। ਜਿਸ ਕਾਰਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਦਿੱਤੇ ਸੱਦੇ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿਚ ਅਧਿਆਪਕਾਂ ਨੇ ਕਾਲੇ ਬਿੱਲੇ ਲਗਾ ਕੇ ਇਸ ਮਾਮਲੇ ਵਿਚ ਅਣਦੇਖੀ ਕਰਨ ਵਾਲ਼ੇ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਖ਼ਿਲਾਫ ਰੋਸ ਜ਼ਾਹਿਰ ਕਰਦਿਆਂ, ਅਧਿਆਪਕਾਂ ਦੇ ਬਤੌਰ "ਕੌਮ ਨਿਰਮਾਤਾ" ਸਮਾਜ ਲਈ ਅਹਿਮ ਯੋਗਦਾਨ ਹੋਣ ਦੇ ਮੱਦੇਨਜ਼ਰ, ਫ਼ੌਤ ਹੋਣ ਵਾਲੇ ਅਧਿਆਪਕਾਂ ਤੇ ਡਰਾਈਵਰ ਲਈ ਇੱਕ-ਇੱਕ ਕਰੋੜ, ਗੰਭੀਰ ਜਖ਼ਮੀਆਂ ਲਈ 50 ਲੱਖ, ਬਾਕੀਆਂ ਲਈ 10-10 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਅਤੇ ਹਸਪਤਾਲ ਵਿਚ ਦਾਖ਼ਿਲ ਅਧਿਆਪਕਾਂ ਨੂੰ ਆਨ ਡਿਊਟੀ ਟ੍ਰੀਟ ਕਰਨ ਦੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਸੂਬਾ ਜਨਰਲ ਸਕੱਤਰ ਮੁਕੇਸ਼ ਕੁਮਾਰ ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਨੇ ਕਿਹਾ ਕੇ ਪਿੱਤਰੀ ਜ਼ਿਲ੍ਹਿਆਂ ਵਿਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਹਨਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਵੱਲ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸੋਸ਼ਣ ਕੀਤਾ ਜਾ ਰਿਹਾ ਹੈ। ਅਧਿਆਪਕ ਆਗੂਆਂ ਇੰਦਰਸੁਖਦੀਪ ਸਿੰਘ ਮਨਜੀਤ ਸਿੰਘ ਦਸੂਹਾ,ਰੇਸ਼ਮ ਸਿੰਘ ਵਰਿੰਦਰ ਸਿੰਘ ਮਨਜੀਤ ਸਿੰਘ ਬਾਬਾ,ਸੱਤਪਾਲ ਸਿੰਘ,ਅਸ਼ਨੀ ਕੁਮਾਰ , ਰਾਮ ਸਰੂਪ, ਪ੍ਰਗਟ ਸਿੰਘ , ਜਸਵੀਰ ਸਿੰਘ, ਪਰਮਜੀਤ ਸਿੰਘ,ਹਰਪ੍ਰੀਤ ਕੌਰ, ਜਤਿੰਦਰ ਸਿੰਘ, ਸਰਬਜੀਤ ਸਿੰਘ ਨੇ ਮੰਗ ਕੀਤੀ ਕੇ ਹਰੇਕ ਅਧਿਆਪਕ ਨੂੰ ਨਵੀਂ ਨਿਯੁਕਤੀ ਜਾਂ ਤਰੱਕੀ ਹੋਣ ਉਪਰੰਤ ਉਸ ਦੇ ਗ੍ਰਹਿ ਜਿਲ੍ਹੇ ਵਿਚ ਹੀ ਸਟੇਸ਼ਨ ਦਿੱਤਾ ਜਾਵੇ ਅਤੇ ਜਿਲ੍ਹੇ ਵਿਚ ਇੱਕ ਵੀ ਪੋਸਟ ਨਾ ਖਾਲੀ ਹੋਣ ਦੀ ਸੂਰਤ ਵਿਚ ਵੀ ਗੁਆਂਢੀ ਜਿਲ੍ਹੇ ਵਿਚ ਹੀ ਭੇਜਿਆ ਜਾਵੇ। ਇਸ ਦੇ ਨਾਲ ਹੀ ਜਿਆਦਾ ਦੂਰੀ ਤੋਂ ਪੜ੍ਹਾਉਣ ਆਏ ਅਧਿਆਪਕਾਂ ਦੇ ਰਹਿਣ ਲਈ ਪੰਜਾਬ ਦੇ ਹਰੇਕ ਤਹਿਸੀਲ ਕੇਂਦਰ 'ਤੇ ਮਿਆਰੀ ਸਹੂਲਤਾਂ ਵਾਲੇ "ਟੀਚਰ ਹੋਮ" ਸਥਾਪਿਤ ਕੀਤੇ ਜਾਣ। ਡੀ.ਟੀ.ਐਫ. ਨੇ ਫ਼ੌਤ ਹੋਣ ਵਾਲੇ ਅਧਿਆਪਕਾਂ ਦੇ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਕਿਹਾ ਕੇ ਇਸ ਹਾਦਸੇ ਕਾਰਨ ਪੰਜਾਬ ਦੇ ਸਮੂਹ ਚਿੰਤਨਸ਼ੀਲ ਹਿੱਸਿਆਂ ਵਿਚ ਭਾਰੀ ਸੋਗ ਦੀ ਲਹਿਰ ਹੈ ਅਤੇ ਹਾਦਸੇ ਦੇ ਪੀੜਤਾਂ ਨੂੰ ਬਣਦਾ ਇਨਸਾਫ਼ ਨਾ ਮਿਲਣ ਦੀ ਸੂਰਤ ਵਿਚ ਸੰਘਰਸ਼ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਸਰਕਾਰ ਪੰਜਾਬ ਨੂੰ ਫੂਡ ਪ੍ਰੋਸੈਸਿੰਗ ਹੱਬ ਬਣਾਉਣ ਲਈ ਵਚਨਬੱਧ : ਕਟਾਰੂ ਚੱਕ

ਜਲੰਧਰ: (ਸ਼ੈਲੀ ਐਲਬਰਟ)-: ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਫੂਡ ਪ੍ਰੋਸੈਸਿੰਗ ਸੈਕਟਰ ਨੂੰ ਵੱਡਾ ਹੁਲਾਰਾ ਦਿੱਤਾ ਜਾ ਰਿਹਾ ਹੈ, ਜਿਸ ਸਦਕਾ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਕਿਸਾਨਾਂ ਨੂੰ ਵੀ ਬਹੁਤ ਲਾਭ ਹੋਵੇਗਾ ।। ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਇੱਥੇ ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ 'ਫੂਡ ਪ੍ਰੋਸੈਸਿੰਗ ਉਦਯੋਗ ਵਿੱਚ ਐਸ.ਸੀ./ਐਸ.ਟੀ. ਉੱਦਮੀਆਂ ਲਈ ਮੌਕੇ' ਵਿਸ਼ੇ 'ਤੇ ਕਰਵਾਈ ਕਾਨਫਰੰਸ ਦੌਰਾਨ ਨੌਜਵਾਨ ਉੱਦਮੀਆਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਦੇਸ਼ ਦਾ ਫੂਡ ਪ੍ਰੋਸੈਸਿੰਗ ਹੱਬ ਬਣਾਉਣ ਲਈ ਵਚਨਬੱਧ ਹੈ, ਜਿਸ ਦੇ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਕਈ ਕਦਮ ਉਠਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜਲਦ ਹੀ ਦੋ ਵੱਡੇ ਫੂਡ ਪ੍ਰੋਸੈਸਿੰਗ ਪ੍ਰਾਜੈਕਟ ਸ਼ੁਰੂ ਹੋਣਗੇ, ਜਿਨ੍ਹਾਂ ਵਿੱਚ ਪਠਾਨਕੋਟ ਵਿਖੇ ਲੀਚੀ ਪ੍ਰੋਸੈਸਿੰਗ ਪ੍ਰਾਜੈਕਟ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕਿਨੂੰ ਪ੍ਰੋਸੈਸਿੰਗ ਯੂਨਿਟ ਸ਼ਾਮਲ ਹਨ। ਮੰਤਰੀ ਨੇ ਦੁਹਰਾਇਆ ਕਿ ਸੂਬਾ ਫੂਡ ਪ੍ਰੋਸੈਸਿੰਗ ਹੱਬ ਵਜੋਂ ਉੱਭਰ ਰਿਹਾ ਹੈ ਕਿਉਂਕਿ ਸਰਕਾਰ ਵੱਲੋਂ ਫੂਡ ਪ੍ਰੋਸੈਸਿੰਗ ਇਕਾਈਆਂ ਨੂੰ ਬਹੁਤ ਸਾਰੀਆਂ ਰਿਆਇਤਾਂ ਦੇ ਕੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ ।ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪਹਿਲਾਂ ਹੀ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਸੂਬੇ ਭਰ ਵਿੱਚ ਪੇਂਡੂ ਉਦਯੋਗਿਕ ਹੱਬ ਸਥਾਪਤ ਕਰਨ ਦਾ ਐਲਾਨ ਕਰ ਚੁੱਕੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਹ ਹੱਬ ਉਦਯੋਗਪਤੀਆਂ ਨੂੰ ਆਪਣੀਆਂ ਇਕਾਈਆਂ ਸਥਾਪਤ ਕਰਨ ਵਿੱਚ ਸਹੂਲਤ ਪ੍ਰਦਾਨ ਕਰਨ ਲਈ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਹੋਣਗੇ। ਉਨ੍ਹਾਂ ਪੰਜਾਬ ਵਿੱਚ ਆਪਣੀਆਂ ਫੂਡ ਪ੍ਰੋਸੈਸਿੰਗ ਇਕਾਈਆਂ ਸਥਾਪਤ ਕਰਨ ਦਾ ਵਿਕਲਪ ਚੁਣਨ ਵਾਲੇ ਸਟਾਰਟ-ਅੱਪਜ਼, ਉੱਦਮੀਆਂ, ਉਦਯੋਗਪਤੀਆਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।। ਕਾਨਫਰੰਸ ਵਿੱਚ ਹਾਜ਼ਰ ਨੌਜਵਾਨ ਉੱਦਮੀਆਂ ਨਾਲ ਗੱਲਬਾਤ ਕਰਦਿਆਂ ਮੰਤਰੀ ਨੇ ਇਮਾਨਦਾਰੀ ਅਤੇ ਸੁਹਿਰਦਤਾ ਨੂੰ ਸਫ਼ਲਤਾ ਦੇ ਮੁੱਖ ਤੱਤ ਦੱਸਦਿਆਂ ਇਨ੍ਹਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਮਾਜ ਦੇ ਹਰ ਵਰਗ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਂਦਿਆਂ ਰੰਗਲਾ ਪੰਜਾਬ ਬਣਾਉਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ । ਇਸ ਦੌਰਾਨ ਉਨ੍ਹਾਂ ਨੇ ਸਮਾਗਮ ਕਰਵਾਉਣ ਲਈ ਡੀ.ਆਈ.ਸੀ.ਆਈ. ਦੇ ਯਤਨਾਂ ਦੀ ਸ਼ਲਾਘਾ ਕੀਤੀ, ਜੋ ਨੌਜਵਾਨ ਉੱਦਮੀਆਂ, ਖਾਸ ਕਰਕੇ ਐਸ.ਸੀ./ਐਸ.ਟੀ. ਭਾਈਚਾਰੇ ਦੇ ਲੋਕਾਂ ਨੂੰ ਫੂਡ ਪ੍ਰੋਸੈਸਿੰਗ ਉਦਯੋਗ ਵਿੱਚ ਮੌਕੇ ਤਲਾਸ਼ਣ ਲਈ ਪ੍ਰੇਰਿਤ ਕਰੇਗਾ ।। ਉਨ੍ਹਾਂ ਕਿਹਾ ਕਿ ਇਹ ਸਮਾਗਮ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਉੱਦਮੀਆਂ ਨੂੰ ਜਾਣੂ ਕਰਵਾਉਣ ਵਿੱਚ ਸਹਾਇਕ ਸਾਬਤ ਹੋਵੇਗਾ। ਉਨ੍ਹਾਂ ਅਜਿਹੇ ਹੋਰ ਸਮਾਗਮਾਂ ਕਰਵਾਉਣ ਵਿੱਚ ਡੀ.ਆਈ.ਸੀ.ਸੀ.ਆਈ. ਨੂੰ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ। ਰਾਸ਼ਟਰੀ ਪ੍ਰਮੁੱਖ ਡੀ.ਆਈ.ਸੀ.ਸੀ.ਆਈ. (ਸਪੋਰਟਸ ਐਂਡ ਅਲਾਈਡ ਇੰਡਸਟਰੀਅਲ ਵਰਟੀਕਲ) ਤਿਲਕ ਖਿੰਦਰ, ਸੂਬਾ ਚੇਅਰਮੈਨ ਕੇ.ਡੀ.ਸਿੰਘ, ਪ੍ਰਧਾਨ ਡੀ.ਆਈ.ਸੀ.ਸੀ.ਆਈ.ਪੰਜਾਬ ਚੈਪਟਰ ਰਾਜੇਸ਼ ਕੁਮਾਰ ਨੇ ਮੰਤਰੀ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਡੀ.ਆਈ.ਸੀ.ਸੀ.ਆਈ. ਦੇ ਕਾਰਜਾਂ ਦੀ ਸ਼ਲਾਘਾ ਸੰਸਥਾ ਨੂੰ ਅਜਿਹੀਆਂ ਜਾਗਰੂਕਤਾ ਗਤੀਵਿਧੀਆਂ ਕਰਵਾਉਣ ਲਈ ਉਤਸ਼ਾਹਿਤ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਨੌਜਵਾਨ ਉੱਦਮੀਆਂ ਨੂੰ ਫੂਡ ਪ੍ਰੋਸੈਸਿੰਗ ਉਦਯੋਗ ਵਿੱਚ ਭਾਗ ਲੈਣ ਲਈ ਵੀ ਪ੍ਰੇਰਨਾ ਮਿਲੇਗੀ ।। ਜਗਦੀਸ਼ ਡਾਲੀਆ ਨੇ ਮੰਚ ਸੰਚਾਲਨ ਕਰਦਿਆਂ ਮੁੱਖ ਮਹਿਮਾਨ ਨੂੰ ਡੀ.ਆਈ.ਸੀ.ਸੀ.ਆਈ. ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ।ਇਸ ਤੋਂ ਪਹਿਲਾਂ ਸਿਬਡੀ, ਐਨਐਸਆਈਸੀ, ਪੀਏਆਈਸੀ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ, ਪੰਜਾਬ ਗ੍ਰਾਮੀਣ ਬੈਂਕ, ਸੈਂਟਰਲ ਇੰਸਟੀਚਿਊਟ ਆਫ ਹੈਂਡ ਟੂਲਜ਼, ਲੀਡ ਬੈਂਕ ਤੋਂ ਇਲਾਵਾ ਹੋਰ ਅਧਿਕਾਰੀਆਂ ਨੇ ਉੱਦਮੀਆਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵਿੰਦਰ ਵਿਰਦੀ, ਡਾ. ਸਰਬਜੀਤ ਸਿੰਘ, ਐਮ.ਆਰ ਸਾਲਨ, ਡਾ. ਸੰਦੀਪ ਮਹਿਮੀ, ਪਵਨ ਡਾਲੀਆ, ਇੰਦਰਜੀਤ ਸਾਰੰਗਲ, ਰਾਜ ਸਿੰਘ ਸੋਹਾਵੀ, ਰਾਜੇਸ਼ ਕੁਮਾਰ ਆਦਿ ਵੀ ਮੌਜੂਦ ਸਨ। ।

ਸਿਲਵਰ ਓਕ ਸਕੂਲ 'ਚ ਨਰਸਰੀ ਕਲਾਸ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ ਵਿੱਚ ਨਰਸਰੀ ਕਲਾਸ ਦੇ ਨਵੇਂ ਸੈਸ਼ਨ ਦੀ ਸੁਰੂਆਤ ਖੁਸ਼ੀ ਭਰੇ ਮਾਹੌਲ ਨਾਲ ਕੀਤੀ ਗਈ । ਸੰਸਥਾ ਦੇ ਚੈਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੈਡਮ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਛੋਟੇ ਛੋਟੇ ਬੱਚਿਆਂ ਨੇ ਸਕੂਲ ਵਿੱਚ ਹੱਸਦੇ ਹੱਸਦੇ ਆਪਣਾ ਪਹਿਲਾ ਕਦਮ ਰੱਖਿਆ। ਚੇਅਰਮੈਨ ਨੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ ਨੇ ਵੀ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਸਕੂਲੀ ਜੀਵਨ ਵਿੱਚ ਪ੍ਰਵੇਸ਼ ਕਰਨ ਜਾ ਰਹੇ ਬੱਚੇ ਭਵਿੱਖ ਵਿੱਚ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕਰਨ। ਇਸ ਦੇ ਨਾਲ ਹੀ ਬੱਚਿਆਂ ਨੇ ਸਕੂਲ ਵਿੱਚ ਟੋਆਏ ਟਰੇਨ ਵਿੱਚ ਬੈਠ ਕੇ ਖੂਬ ਮਜ਼ੇ ਕੀਤੇ। ਸਕੂਲ ਦੇ ਮੈਨੇਜਰ ਕਰਨਜੀਤ ਸਿੰਘ, ਤਰਨ ਸੈਣੀ ਨੇ ਬੱਚਿਆਂ ਲਈ ਰਿਫਰੈਸ਼ਮੈਂਟ ਦਾ ਵੀ ਖਾਸ ਇੰਤਜ਼ਾਮ ਕੀਤਾ। ਇਸ ਮੌਕੇ 'ਤੇ ਸੰਜੀਵ ਕੁਮਾਰ ਸ਼ਰਮਾ, ਬਿਕਰਮਜੀਤ ਸਿੰਘ ਭੇਲਾ, ਗਜਿੰਦਰਪਾਲ ਸਿੰਘ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਵੀਰ ਕੌਰ, ਗੁਰਪ੍ਰੀਤ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ, ਅਨੁਰਾਧਾ, ਸੁਖਜਿੰਦਰ ਕੌਰ, ਨੀਨਾ, ਏਕਜੋਤ, ਸੁਮਨ, ਹਰਜੀਤ ਕੌਰ, ਹਰਮਿੰਦਰ ਕੌਰ, ਵਿਸ਼ਾਲੀ, ਨੇਹਾ, ਅਰਚਨਾ, ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।

ਯੂਥ ਭਾਜਪਾ ਆਗੂ ਆਪ 'ਚ ਸ਼ਾਮਲ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਨੂਰਮਹਿਲ ਤੋਂ ਨਗਰ ਕੌਂਸਲ ਦੀਆਂ ਚੋਣਾਂ ਲੜ ਚੁੱਕੇ ਭਾਜਪਾ ਆਗੂ ਸੰਜੀਵ ਉਰਫ ਸਿੱਬੂ ਸੂਦ ਆਮ ਆਦਮੀ ਪਾਰਟੀ ਦੇ ਨੂਰਮਹਿਲ ਬਲਾਕ ਦੇ ਆਗੂ ਲਖਵੀਰ ਸਿੰਘ ਸੀਰ ਉੱਪਲ ਦੇ ਯਤਨਾਂ ਸਦਕਾ ਸਾਥੀਆਂ ਸਮੇਤ ਆਪ ਦਾ ਪੱਲਾ ਫੜ ਗਏ ।ਸਿੱਬੂ ਨੇ ਦੱਸਿਆ ਕਿ ਭਾਜਪਾ ਪਾਰਟੀ ਧਨਾਢਾਂ ਦੀ ਪਾਰਟੀ ਹੈ ਇਸ ਵਿਚ ਆਮ ਬੰਦੇ ਦੀ ਕੋਈ ਪੁੱਛ ਗਿੱਛ ਨਹੀਂ ਹੈ । ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਪਾਰਟੀ ਵਿਚ ਸ਼ਾਮਲ ਹੋਏ ਹਰ ਵਿਅਕਤੀ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਤੇ ਅਸੀਂ ਰਲਕੇ ਹਲਕੇ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਕੰਮ ਕਰਾਂਗੇ ।ਇਸ ਮੌਕੇ ਸਿੱਬੂ ਤੋਂ ਇਲਾਵਾ ਮਹੇਸ਼ ਕੁਮਾਰ ਸੂਦ, ਵਿਜਯ ਕੁਮਾਰ ਬਿੱਟੂ, ਸਾਹਿਲ ਗੋਇਲ, ਪੰਡਤ ਦਵਿੰਦਰ ਕੁਮਾਰ ਪਰਾਸ਼ਰ , ਬੱਬੂ ਮਹਿਰਾ,ਰਿੰਕੂ ਖੋਸਲਾ, ਮੈਡਮ ਕਮਲੇਸ਼ ਰਾਣੀ ਸ਼ਾਮਲ ਸਨ ।

ਹੱਥਾਂ, ਬਾਹਾਂ ਤੇ ਸਿਰ ਦੇ ਕੰਬਣ ਦਾ ਇਲਾਜ ਡੀਪ ਬਰੇਨ ਸਿਟਮੁਲੇਸ਼ਨ ਤਕਨੀਕ - ਡਾ. ਸਾਵਲ

ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)— ਜੇਕਰ ਕਿਸੇ ਮੂਵਮੈਂਟ ਡਿਸਆਰਡਰ ਵਾਲੇ ਵਿਅਕਤੀ ਦੇ ਸਰੀਰ ਦਾ ਕੋਈ ਹਿੱਸਾ ਆਮ ਨਾਲੋਂ ਜ਼ਿਆਦਾ ਹਿੱਲਦਾ, ਕੰਬਦਾ ਜਾਂ ਫੜਕਦਾ ਹੈ ਤਾਂ ਉਸ ਦੇ ਦਿਮਾਗ ਨੂੰ ਕੰਟਰੋਲ ਕਰਕੇ ਉਸ ਨੂੰ ਅਜਿਹੇ 'ਚ ਡੀਪ ਬ੍ਰੇਨ ਸਿਟਮੁਲੇਸ਼ਨ ਤਕਨੀਕ ਨਾਲ ਉਸ ਦਾ ਇਲਾਜ ਕੀਤਾ ਜਾ ਸਕਦਾ ਹੈ । ਫੋਰਟਿਸ ਹਸਪਤਾਲ ਮੋਹਾਲੀ ਦੇ ਨਿਊਰੋਸਰਜਨ ਡਾ. ਨਿਸ਼ਿਤ ਸਾਵਲ ਨੇ ਦੱਸਿਆ ਕਿ ਇੱਕ ਇਲੈਕਟ੍ਰੋਡ ਨੂੰ ਸਬੰਧਿਤ ਮਰੀਜ ਦੇ ਦਿਮਾਗ ਵਿੱਚ ਪਾ ਦਿੱਤਾ ਜਾਂਦਾ ਹੈ ਤਾਂ ਜੋ ਮਰੀਜ ਦੇ ਦਿਮਾਗ ਨੂੰ ਬਿਜਲੀ ਪ੍ਰਣਾਲੀ ਰਾਹੀਂ ਚਲਾਇਆ ਜਾ ਸਕੇ । ਇਸ ਨਾਲ ਉਸਦੇ ਦਿਮਾਗ ਵਿੱਚ ਪ੍ਰਭਾਵਿਤ ਸੈੱਲਾਂ ਅਤੇ ਕੈਮਿਕਲਸ ਦਾ ਡਾਕਟਰ ਦੁਆਰਾ ਰਿਮੋਟ ਤੋਂ ਇਲਾਜ ਕੀਤਾ ਜਾ ਸਕਦਾ ਹੈ । ਉਨ੍ਹਾਂ ਕਿਹਾ ਕਿ ਚੰਗੀ ਦੇਖਭਾਲ ਤੋਂ ਬਾਅਦ ਉਕਤ ਮਰੀਜ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਲੱਛਣ ਘੱਟ ਹੋਣੇ ਸ਼ੁਰੂ ਹ�ो ਜਾਂਦੇ ਹਨ ।ਹੱਥਾਂ, ਬਾਹਾਂ, ਸਿਰ ਦਾ ਕੰਬਣਾ ਅਤੇ ਤੁਰਨ ਵਿੱਚ ਮਸ਼ਸਕਲ ਵਰਗੇ

30-MAR-PAGE-10.qxd 3/29/2023 10:46 PM Page 1

ਸਰਕਾਰੀ ਦਫਤਰਾਂ 'ਚ ਬਜ਼ੁਰਗਾਂ ਨੂੰ ਪਹਿਲ ਦੇ ਅਧਾਰ 'ਤੇ ਸਹੂਲਤਾਂ ਦੇਣ ਦੇ ਦਾਅਵੇ ਖੋਖਲੇ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਜਿੱਥੇ ਇੱਕ ਪਾਸੇ ਪਿੰਡਾਂ ਦੇ ਆਮ ਲੋਕਾਂ ਤੱਕ ਲੋਕ ਭਲਾਈ ਸਕੀਮਾਂ ਦਾ ਲਾਹਾ ਪਹੁੰਚਾਉਣ ਅਤੇ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਲਈ ਸਰਕਾਰ ਤੁਹਾਡੇ ਦੁਆਰ ਤਹਿਤ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਲਗਾਏ ਜਾ ਰਹੇ ਹਨ, ਉੱਥੇ ਹੀ ਬਹੁਤੇ ਲੋਕਾਂ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਕੱਟਣ ਦੇ ਬਾਵਜੂਦ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਬਜ਼ੁਰਗਾਂ ਲਈ ਤਾਂ ਸਰਕਾਰੀ ਦਫਤਰਾਂ 'ਚ ਪਹਿਲ ਦੇ ਅਧਾਰ 'ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਦਾਅਵੇ ਕੀਤੇ ਜਾਂਦੇ ਰਹੇ ਹਨ, ਪਰ ਇਹ ਸਾਰੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਇਸੇ ਤਰ੍ਹਾਂ ਹੀ ਮੰਗਲਵਾਰ ਨੂੰ ਫਾਜ਼ਿਲਕਾ ਦੇ ਪਿੰਡ ਝੁੱਗੇ ਗੁਲਾਬ ਸਿੰਘ ਦੇ ਤਿੰਨ ਬਜ਼ੁਰਗ ਔਰਤਾਂ ਅਤੇ ਇੱਕ ਬਜ਼ੁਰਗ ਵਿਅਕਤੀ ਉਨ੍ਹਾਂ ਨੂੰ ਮੁਫਤ ਸਰਕਾਰੀ ਕਣਕ ਨਾ ਮਿਲਣ ਕਾਰਨ ਕਿਰਾਏ 'ਤੇ ਮੋਟਰਸਾਈਕਲ ਰਿਕਸ਼ਾ ਕਰਕੇ ਡੀ ਸੀ ਦਫਤਰ ਫਾਜ਼ਿਲਕਾ ਪਹੁੰਚੇ। ਪਰ ਇੱਥੇ ਕੋਈ ਸੁਣਵਾਈ ਨਾ ਹੋਣ ਕਾਰਨ ਉਨ੍ਹਾਂ ਨੂੰ ਨਿਰਾਸ਼ ਵਾਪਸ ਪਰਤਣਾ ਪਿਆ। ਜਦੋਂ ਸਾਡੀ ਟੀਮ ਨੇ ਡਿਪਟੀ ਕਮਿਸ਼ਨਰ ਦਫਤਰ ਚਾਰ ਬੇਬੱਸ ਅਤੇ ਲਾਚਾਰ ਬਜ਼ੁਰਗਾਂ ਨੂੰ ਬੈਠੇ ਵੇਖਿਆ ਤਾਂ ਉਨ੍ਹਾਂ ਆਪਣੀ ਪ੍ਰੇਸ਼ਾਨੀ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਪਿਛਲੇ ਕਰੀਬ ਦੋ ਸਾਲਾਂ ਤੋਂ ਸਰਕਾਰ ਵੱਲੋਂ ਗਰੀਬ ਲੋਕਾਂ ਲਈ ਵੰਡੀ ਜਾ ਰਹੀ ਮੁਫਤ ਕਣਕ ਨਹੀਂ ਮਿਲ ਰਹੀ। ਬਜ਼ੁਰਗ ਗੁਰਦੇਵਾਂ ਬਾਈ ਨੇ ਆਪਣਾ ਦੁਖੜਾ ਦੱਸਦਿਆਂ ਕਿਹਾ ਕਿ ਉਨ੍ਹਾ ਦੀ ਉਮਰ ਲਗਭਗ 80 ਸਾਲ ਹੈ। ਉਨ੍ਹਾ ਦਾ ਨੀਲਾ ਕਾਰਡ ਬਣਿਆ ਹੋਇਆ ਹੈ, ਪਰ ਜਦੋਂ ਉਹ ਮੁਫਤ ਸਰਕਾਰੀ ਕਣਕ ਲੈਣ ਲਈ ਡੀਪੂ ਹੋਲਡਰ ਕੋਲ ਜਾਂਦੇ ਹਨ ਤਾਂ ਬਾਇਓਮੈਟ੍ਰਿਕ ਮਸ਼ੀਨ 'ਚ ਉਨ੍ਹਾ ਦੇ ਫਿੰਗਰ ਨਹੀਂ ਆਉਂਦੇ। ਜਿਸ ਕਾਰਨ ਉਹ ਪਿਛਲੇ ਦੋ ਸਾਲਾਂ ਤੋਂ ਹਰ ਵਾਰ ਮੁਫਤ ਕਣਕ ਲੈਣ ਤੋਂ ਵਾਂਝੇ ਰਹਿ ਰਹੇ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਦੇ ਘਰ 'ਚ ਹੋਰ ਕੋਈ ਵੀ ਨਹੀਂ ਹੈ ਅਤੇ ਉਹ ਵੱਖਰੇ ਘਰ 'ਚ ਇਕੱਲੇ ਰਹਿੰਦੇ ਹਨ। ਉਨ੍ਹਾ ਨੂੰ ਜੋ ਬੁਢਾਪਾ ਪੈਨਸ਼ਨ ਮਿਲਦੀ ਹੈ, ਕਦੇ ਕਦੇ ਉਹ ਉਸ ਨਾਲ ਕਣਕ ਖਰੀਦ ਕੇ ਆਪਣਾ ਗੁਜ਼ਾਰਾ ਕਰ ਲੈਂਦੇ ਹਨ ਅਤੇ ਕਈ ਵਾਰ ਉਨ੍ਹਾਂ ਨੂੰ ਭੁੱਖੇ ਵੀ ਰਹਿਣਾ ਪੈਂਦਾ ਹੈ। ਇਸ ਵਾਰ ਵੀ ਉਨ੍ਹਾ ਦੇ ਪਿੰਡ 'ਚ ਆਈ ਮੁਫਤ ਕਣਕ ਲੈਣ ਲਈ ਜਦੋਂ ਉਹ ਪਰਚੀ ਕਟਾਉਣ ਗਏ ਤਾਂ ਬਾਇਓਮੈਟ੍ਰਿਕ ਮਸ਼ੀਨ 'ਚ ਉਨ੍ਹਾਂ ਦੇ ਫਿੰਗਰ ਨਾ ਆਉਣ ਕਾਰਨ ਉਹ ਕਣਕ ਲੈਣ ਤੋਂ ਵਾਂਝੇ ਰਹਿ ਗਏ। ਉਹ ਕਿਰਾਏ 'ਤੇ ਇੱਕ ਮੋਟਰਾਈਕਲ ਰਿਕਸ਼ਾ ਕਰਕੇ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਬੜੀਆਂ ਉਮੀਦਾਂ ਲੈ ਕੇ ਆਏ ਹਨ। ਪਰ ਇੱਥੇ ਵੀ ਆ ਕੇ ਉਨ੍ਹਾਂ ਦੀ ਕੋਈ ਸੁਣਵਾਈ ਨ ਹੋਣ ਕਾਰਨ ਉਨ੍ਹਾਂ ਨੂੰ ਨਿਰਾਸ਼ ਵਾਪਸ ਪਰਤਣਾ ਪੈ ਰਿਹਾ ਹੈ। ਇਸੇ ਤਰ੍ਹਾਂ ਹੀ ਬਜ਼ੁਰਗ ਭਰਾਵਾਂ ਬਾਈ ਨੇ ਦੱਸਿਆ ਕਿ ਉਨ੍ਹਾਂ ਦੀ ਉਮਰ ਵੀ 80 ਸਾਲ ਦੇ ਕਰੀਬ ਹੋਣ ਕਰਨ ਉਨ੍ਹਾਂ ਨੂੰ ਠੀਕ ਤਰ੍ਹਾਂ ਦਿਖਾਈ ਨਹੀਂ ਦਿੰਦਾ। ਇਸ ਤੋਂ ਇਲਾਵਾ ਉਨ੍ਹਾਂ ਦੇ ਨਾਲ ਆਏ ਬਜ਼ੁਰਗਾਂ ਦੀ ਉਮਰ ਵੀ 80 ਸਾਲ ਤੋਂ ਵੱਧ ਹੈ। ਜਿਨ੍ਹਾਂ 'ਚੋਂ ਇੱਕ ਬਜ਼ੁਰਗ ਔਰਤ ਅਤੇ ਬਜ਼ੁਰਗ ਵਿਅਕਤੀ ਨੂੰ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦਾ ਅਤੇ ਨਾ ਹੀ ਉਹ ਠੀਕ ਤਰ੍ਹਾਂ ਤੁਰ ਫਿਰ ਅਤੇ ਦੇਖ ਸਕਦੇ ਹਨ। ਉਨ੍ਹਾਂ ਦੇ ਵੀ ਬਾਇਓਮੈਟ੍ਰਿਕ ਮਸ਼ੀਨ 'ਚ ਨਾ ਆਉਣ ਕਾਰਨ ਉਹ ਮੁਫਤ ਸਰਕਾਰੀ ਕਣਕ ਲੈਣ ਤੋਂ ਵਾਂਝੇ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਉਹ ਬੜੀਆਂ ਉਮੀਦਾਂ ਲੈ ਕੇ ਇੱਥੇ ਆਏ ਸਨ ਕਿ ਉਨ੍ਹਾਂ ਦੀ ਇੱਥੇ ਸੁਣਵਾਈ ਕੀਤੀ ਜਾਵੇਗੀ, ਪਰ ਉੱਚ ਅਧਿਕਾਰੀਆਂ ਨੂੰ ਮਿਲਣ ਤੋਂ ਬਾਅਦ ਵੀ ਉਨ੍ਹਾਂ ਦੇ ਹੱਥ ਨਿਰਾਸ਼ਾ ਹੀ ਲੱਗੀ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਆਈ ਮੁਫਤ ਕਣਕ ਜਲਦੀ ਦਿੱਤੀ ਜਾਵੇ ਤਾਂ ਜੋ ਉਹ ਆਪਣਾ ਗੁਜ਼ਾਰਾ ਕਰਕੇ ਆਪਣੇ ਬੁਢਾਪੇ ਦੇ ਦਿਨ ਸਹੀ ਤਰ੍ਹਾਂ ਬਤੀਤ ਕਰ ਸਕਣ। ਜਦੋਂ ਇਸ ਬਾਰੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਨਾਲ ਸੰਪਰਕ ਕਰਨਾ ਚਾਹਿਆ ਤਾਂ ਉਨ੍ਹਾ ਨਾਲ ਸੰਪਰਕ ਨਹੀਂ ਹੋ ਸਕਿਆ।

ਫ਼ਤਹਿਗੜ੍ਹ ਸਾਹਿਬ 'ਚ ਆਏ ਕੋਰੋਨਾ ਦੇ 3 ਨਵੇਂ ਮਾਮਲੇ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਕੋਰੋਨਾ ਵਾਇਰਸ ਜੋ ਕਿ ਬੀਤੇ ਸਮੇਂ ਦੌਰਾਨ ਪੂਰੇ ਦੇਸ਼ ਨੂੰ ਆਪਣੀ ਲਪੇਟ 'ਚ ਲੈ ਚੁੱਕਾ ਹੈ ਇਲਾਕੇ 'ਚ ਫਿਰ ਦਸਤਕ ਦਿੰਦਾ ਦਿਖਾਈ ਦੇ ਰਿਹਾ ਹੈ ਜਿਸ ਦੇ ਚੱਲਦਿਆਂ ਇਲਾਕੇ 'ਚ ਤਿੰਨ ਵਿਅਕਤੀਆਂ ਦੇ ਕਰੋਨਾ ਪਾਜ਼ੇਟਿਵ ਪਾਏ ਜਾਣ ਦੀ ਸੂਚਨਾ ਮਿਲੀ ਹੈ। ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਿਵਲ ਸਰਜਨ ਡਾ. ਵਿਜੈ ਕੁਮਾਰ ਨੂੰ ਇਸ ਸੰਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਆਨੰਦਪੁਰ ਕਲੌੜ ਇਲਾਕੇ ਦੇ ਦੋ ਮਰੀਜ਼ ਜੋ ਕਿ ਔਰਤਾਂ ਹਨ ਅਤੇ ਸਰਹਿੰਦ ਅਰਬਨ ਇਲਾਕੇ ਦਾ ਇੱਕ ਮਰੀਜ਼ ਜੋ ਕਿ ਮਰਦ ਹੈ ਜਾਂਚ ਦੌਰਾਨ ਕਰੋਨਾ ਪਾਜ਼ੇਟਿਵ ਪਾਏ ਗਏ ਹਨ ਜਿਨਾਂ ਨੂੰ ਘਰਾਂ 'ਚ ਇਕਾਂਤਵਾਸ 'ਚ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕਰੋਨਾ ਮਹਾਂਮਾਰੀ ਦੀ ਸ਼ੁਰੂਆਤ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਜ਼ਿਲ੍ਹੇ 'ਚ ਕੋਰੋਨਾ ਦੇ ਕੁੱਲ 12673 ਕੇਸ ਆ ਚੁੱਕੇ ਹਨ ਜਿਨਾਂ 'ਚੋਂ 437 ਵਿਅਕਤੀਆਂ ਦੀ ਇਸ ਬਿਮਾਰੀ ਕਾਰਨ ਮੌਤ ਵੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਕੋਈ ਮਹਾਂਮਾਰੀ ਵਰਗੀ ਸਥਿਤੀ ਨਹੀਂ ਤੇ ਜ਼ਿਲ੍ਹਾ ਹਸਪਤਾਲ 'ਚ ਕਰੋਨਾ ਮਰੀਜਾਂ ਦੇ ਇਲਾਜ਼ ਲਈ ਪੁਖਤਾ ਪ੍ਰਬੰਧ ਹਨ ਪਰ ਫਿਰ ਵੀ ਉਹ ਇਲਾਕਾ ਵਾਸੀਆਂ ਨੂੰ ਅਪੀਲ ਕਰਦੇ ਹਨ ਕਿ ਸਾਵਧਾਨੀਆਂ ਵਰਤ ਕੇ ਖੁਦ ਨੂੰ ਅਤੇ ਸਮਾਜ ਨੂੰ ਤੰਦਰੁਸਤ ਰੱਖਣ 'ਚ ਸਹਿਯੋਗ ਦਿੱਤਾ ਜਾਵੇ।

ਠੇਕਾ ਮੁਲਾਜ਼ਮ ਪਰਮਿੰਦਰ ਸਿੰਘ ਮਹਿਰਾਜ ਦੀ ਮੌਤ ਸੰਬੰਧੀ ਥਰਮਲ ਲਹਿਰਾ ਦੇ ਛੇ ਅਧਿਕਾਰੀਆਂ ਖਿਲਾਫ ਮਾਮਲਾ ਦਰਜ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ) ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਖੇ ਯੂਨਿਟ ਨੰ: 3 ਦੀ ਹੋ ਰਹੀ ਸਾਲਾਨਾ ਮੁਰੰਮਤ ਦੌਰਾਨ 27 ਮਾਰਚ ਦੀ ਸ਼ਾਮ ਨੂੰ ਪਲਾਂਟ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਕੋਲ ਮਿੱਲ ਵਿੱਚ ਵੈਲਡਿੰਗ ਦਾ ਕੰਮ ਕਰ ਰਹੇ ਠੇਕਾ ਮੁਲਾਜ਼ਮ ਪਰਮਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਪੱਤੀ ਕਰਮਚੰਦ ਮਹਿਰਾਜ (ਜ਼ਿਲ੍ਹਾ ਬਠਿੰਡਾ) ਦੀ ਕੋਲ ਮਿੱਲ ਦੇ ਲਪੇਟ 'ਚ ਆਉਣ ਕਾਰਨ ਮੌਕੇ 'ਤੇ ਹੀ ਦਰਦਨਾਕ ਮੌਤ ਹੋਣ ਦਾ ਪਤਾ ਲੱਗਦਿਆਂ ਹੀ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਮ੍ਰਿਤਕ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਇਨਸਾਫ ਸੰਘਰਸ਼ ਕਮੇਟੀ ਬਣਾ ਕੇ ਪਰਮਿੰਦਰ ਸਿੰਘ ਦੀ ਮੌਤ ਦੇ ਦੋਸ਼ੀ ਅਧਿਕਾਰੀਆਂ ਖਿਲਾਫ 302 ਦਾ ਪਰਚਾ ਦਰਜ ਕਰਨ, ਪਰਿਵਾਰ ਨੂੰ 50 ਲੱਖ ਰੁਪਏ ਮੁਆਵਜਾ ਅਤੇ ਮ੍ਰਿਤਕ ਦੀ ਪਤਨੀ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਜਾਣਕਾਰੀ ਅਨੁਸਾਰ ਕਿਸੇ ਅਧਿਕਾਰੀ ਨੇ ਲਾਪਰਵਾਹੀ ਵਰਤਦੇ ਹੋਏ ਬਿਨਾਂ ਕੋਈ ਜਾਣਕਾਰੀ ਲਿਆਂ ਕੋਲ ਮਿੱਲ ਨੂੰ ਚਾਲੂ ਕਰ ਦਿੱਤਾ, ਜਿਸ ਨਾਲ ਉੱਥੇ ਕੰਮ ਕਰਦਾ ਠੇਕਾ ਕਾਮਾ ਪਰਮਿੰਦਰ ਸਿੰਘ ਕੋਲ ਮਿੱਲ ਵਿੱਚ ਬੁਰੀ ਤਰ੍ਹਾਂ ਕੁਚਲਿਆ ਗਿਆ ਅਤੇ ਮੌਕੇ 'ਤੇ ਦਮ ਤੋੜ ਗਿਆ। ਇਹ ਕਾਮਾ ਕੁੱਝ ਮਹੀਨੇ ਪਹਿਲਾਂ ਵੀ ਇਸੇ ਤਰਾਂ ਦੀ ਘਟਨਾ ਵਿੱਚ ਕੋਲੇ ਦੀ ਰਾਖ ਵਿੱਚ ਝੁਲਸ ਗਿਆ ਸੀ। ਕਾਫੀ ਇਲਾਜ ਤੋਂ ਬਾਅਦ ਠੀਕ ਹੋਇਆ ਸੀ। ਹੁਣ ਅਧਿਕਾਰੀਆਂ ਦੀ ਅਣਗਹਿਲੀ ਦੀ ਕੀਮਤ ਉਸਨੂੰ ਜਾਨ ਦੇ ਚੁਕਾਉਣੀ ਪਈ ਹੈ। ਇਸ ਸਬੰਧੀ ਪ੍ਰਸਾਸ਼ਨਿਕ, ਪੁਲਸ ਤੇ ਥਰਮਲ ਅਧਿਕਾਰੀਆਂ ਨਾਲ ਇਨਸਾਫ ਕਮੇਟੀ ਦੀ ਮੀਟਿੰਗ ਵੀ ਚੱਲਦੀ ਰਹੀ। ਹਲਕਾ ਭੁੱਚੋ ਦੇ ਵਿਧਾਇਕ ਮਾ. ਜਗਸੀਰ ਸਿੰਘ ਨੇ ਵੀ ਇੱਥੇ ਪੁੱਜ ਕੇ ਇਕੱਠ ਨੂੰ ਇਨਸਾਫ ਦਿੱਤੇ ਜਾਣ ਦਾ ਭਰੋਸਾ ਦਿਵਾਇਆ। ਜਾਣਕਾਰੀ ਅਨੁਸਾਰ ਅੱਜ ਦੁਪਹਿਰ ਥਾਣਾ ਨਥਾਣਾ ਵਿਖੇ ਮ੍ਰਿਤਕ ਪਰਮਿੰਦਰ ਸਿੰਘ ਦੇ ਕਰੀਬੀ ਰਿਸ਼ਤੇਦਾਰ ਅਮ੍ਰਿਤਪਾਲ ਸਿੰਘ ਪੁੱਤਰ ਜਗਸੀਰ ਸਿੰਘ, ਵਾਸੀ ਪਿੰਡ ਬਖਤਗੜ੍ਹ (ਬਰਨਾਲਾ) ਦੇ ਬਿਆਨਾਂ 'ਤੇ ਥਰਮਲ ਪਲਾਂਟ ਦੇ 6 ਅਧਿਕਾਰੀਆਂ ਦੇ ਖਿਲਾਫ ਐਫ. ਆਈ. ਆਰ. ਨੰ: 0035, ਧਾਰਾ 304 ਏ ਤਹਿਤ ਮਾਮਲਾ ਦਰਜ ਹੋ ਗਿਆ ਹੈ। ਸ਼ਿਕਾਇਤ ਕਰਤਾ ਨੇ ਬਿਆਨ ਵਿੱਚ ਦੱਸਿਆ ਕਿ ਮੇਰਾ ਜੀਜਾ ਪਰਮਿੰਦਰ ਸਿੰਘ ਥਰਮਲ ਪਲਾਂਟ ਦੇ ਕੋਲ ਮਿੱਲ 03ਏ ਅੰਦਰ ਬੈਲਡਿੰਗ ਦਾ ਕੰਮ ਕਰਦਾ ਸੀ। ਇਸ ਮਿੱਲ 'ਤੇ ਕੰਮ ਚੱਲਦਾ ਹੋਣ ਕਰਕੇ ਮਿੱਲ ਦਾ ਪਰਮਿਟ ਲਿਆ ਹੋਇਆ ਸੀ ਅਤੇ ਮਿੱਲ ਬੰਦ ਸੀ ਤਾਂ ਅਚਾਨਕ ਸ਼ਾਮ ਦੀ ਸਿਫਟ 'ਡੀ' ਵਿੱਚ ਤਾਇਨਾਤ ਉਕਤ ਅਧਿਕਾਰੀਆਂ ਵੱਲੋਂ ਪਰਮਿਟ ਲਏ ਹੋਣ ਦੇ ਬਾਵਜੂਦ ਕੋਲ ਮਿੱਲ 03ਏ ਚਲਾਉਣ ਕਰਕੇ ਬਾਉਲ ਦੀ ਚਪੇਟ ਵਿੱਚ ਆਉਣ ਕਰਕੇ ਪਰਮਿੰਦਰ ਸਿੰਘ ਬੁਰੀ ਤਰ੍ਹਾਂ ਕੁਚਲਿਆ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ (ਇੱਕ ਲੜਕਾ ਤੇ ਇੱਕ ਲੜਕੀ) ਛੱਡ ਗਿਆ ਹੈ। ਦੇਰ ਸ਼ਾਮ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਲਿਜਾਇਆ ਜਾ ਚੁੱਕਿਆ ਹੈ।

ਫਸਲਾਂ ਤੇ ਘਰਾਂ ਦੇ ਨੁਕਸਾਨ ਦਾ ਇੱਕ ਏਕੜ ਨੂੰ ਇਕਾਈ ਮੰਨ ਕੇ ਮੁਆਵਜ਼ਾ ਦਿੱਤਾ ਜਾਵੇ : ਭਾਕਿਯੂ (ਏਕਤਾ) ਸਿੱਧੂਪੁਰ

ਮਾਨਸਾ (ਪਮਾਰ)-ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਵੱਲੋਂ ਬੀਤੇ ਹਫਤੇ ਬੇਮੌਸਮੀ ਬਰਸਾਤ ਤੇ ਗੜੇਮਾਰੀ ਕਾਰਨ ਹੋਏ ਫਸਲਾਂ, ਬਾਗਾਂ, ਸਬਜ਼ੀਆਂ ਅਤੇ ਮਕਾਨਾਂ ਦੇ ਨੁਕਸਾਨ ਦੀ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਵਾਉਣ ਲਈ ਸਮੂਹ ਜ਼ਿਲ੍ਹਾ ਹੈਡਕੁਆਰਟਰਾਂ ਉੱਪਰ ਪੰਜਾਬ ਸਰਕਾਰ ਦੇ ਨਾਂਅ ਡੀ ਸੀ ਦਫਤਰਾਂ ਨੂੰ ਮੰਗ ਪੱਤਰ ਦਿੱਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਖਵੀਰ ਸਿੰਘ ਅਕਲੀਆ ਜ਼ਿਲਾ ਪ੍ਰਧਾਨ ਮਾਨਸਾ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਲਗਾਤਾਰ ਕਈ ਫਸਲਾਂ ਉੱਪਰ ਪਈਆਂ ਕੁਦਰਤੀ ਮਾਰਾਂ ਅਤੇ ਸਰਕਾਰਾਂ ਦੀ ਕਿਰਤੀ ਵਰਗ ਪ੍ਰਤੀ ਬੇਰੁਖੀ ਕਰਕੇ ਲੋਕਾਂ ਦਾ ਲੱਕ ਟੁੱਟ ਚੁੱਕਾ ਹੈ । ਸਰਕਾਰਾਂ ਦੀਆਂ ਨੀਤੀਆਂ ਅਤੇ ਸੰਜੀਦਗੀ ਦਾ ਅੰਦਾਜ਼ਾ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਦੇ ਬੀਤੇ ਦਿਨਾਂ ਵਿੱਚ ਕਿਸਾਨਾਂ ਦੀ ਫਸਲ ਬੁਰੀ ਤਰ੍ਹਾਂ ਡਿਗਣ ਅਤੇ ਖੇਤਾਂ ਵਿੱਚ ਦਿਨਾਂ ਬੱਧੀ ਪਾਣੀ ਖੜ੍ਹਨ ਕਰਕੇ ਪੂਰੀ ਤਰਾਂ ਖਰਾਬ ਹੋਣ ਨੂੰ "ਨਾਂ ਮਾਤਰ ਨੁਕਸਾਨ" ਕਹਿਣ ਵਾਲੇ ਬਿਆਨ ਤੋਂ ਲਗਾਇਆ ਜਾ ਸਕਦਾ ਹੈ । ਤਰਸੇਮ ਸਿੰਘ ਗੋਬਿੰਦਪੁਰਾ ਨੇ ਕਿਹਾ ਕਿ ਇਹ ਸਿਰਫ ਫਸਲਾਂ ਦਾ ਮਸਲਾ ਨਹੀਂ, ਸਗੋਂ ਕਿਰਤੀ ਵਰਗ ਦੀਆਂ ਆਸਾਂ ਅਤੇ ਉਮੀਦਾਂ ਸਨ। ਇਸ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਇਸ ਖਰਾਬੇ ਦੀ ਤੁਰੰਤ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕਰਕੇ, ਹੋਏ ਨੁਕਸਾਨ ਦਾ ਇੱਕ ਏਕੜ ਨੂੰ ਇਕਾਈ ਮੰਨ ਕੇ ਤੁਰੰਤ ਮੁਆਵਜ਼ਾ ਦਿੱਤਾ ਜਾਵੇ । ਨਾਲ ਹੀ ਜੋ ਕਿਸਾਨਾਂ ਦੇ ਫਸਲੀ ਹੱਦ ਕਰਜ਼ੇ ਦੀਆਂ ਕਿਸ਼ਤਾਂ ਹਨ, ਉਨ੍ਹਾਂ ਵਿੱਚ ਥੋੜ੍ਹੀ ਰਾਹਤ ਦੇ ਕੇ ਅਗਲੀ ਫਸਲ ਤੱਕ ਲਿਜਾਇਆ ਜਾਵੇ ਅਤੇ ਜੋ ਉਸ ਫਸਲੀ ਹੱਦ ਕਰਜ਼ੇ ਉੱਪਰ ਲੱਗਣ ਵਾਲਾ ਵਿਆਜ ਹੈ ਉਸ ਨੂੰ ਵੀ ਮੁਆਫ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਕੁਦਰਤੀ ਆਫਤਾਂ ਤੋਂ ਬਚਾਉਣ ਲਈ ਅਤੇ ਕਿਸਾਨਾਂ ਨੂੰ ਆਰਥਕ ਤੌਰ 'ਤੇ ਹੋ ਰਹੇ ਇਸ ਨੁਕਸਾਨ ਦੀ ਪੂਰਤੀ ਕਰਨ ਲਈ ਕਿਸਾਨਾਂ ਦੀਆਂ ਫਸਲਾਂ ਦਾ ਬੀਮਾ ਆਪਣੇ ਤੌਰ 'ਤੇ ਕਰਵਾਏ ਅਤੇ ਮੰਡੀ ਬੋਰਡ ਨੂੰ ਮੰਡੀਆਂ ਵਿੱਚੋਂ ਹੋਣ ਵਾਲੀ ਆਮਦਨ ਵਿੱਚੋਂ ਫਸਲਾਂ ਦੇ ਹੋਣ ਵਾਲੇ ਇਸ ਬੀਮੇ ਦਾ ਪ੍ਰੀਮੀਅਰ ਭਰੇ ਤਾਂ ਜੋ ਕਿਸਾਨਾਂ ਦੀ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।

ਕਾਤਰਾਂ

ਗਦਰੀ ਸ਼ਹੀਦ ਰਹਿਮਤ ਅਲੀ ਦਾ ਸ਼ਹੀਦੀ ਦਿਹਾੜਾ ਮਨਾਇਆ

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਵਜੀਦਕੇ ਕਲਾਂ ਵਿਖੇ ਗਦਰੀ ਸ਼ਹੀਦ ਰਹਿਮਤ ਅਲੀ ਵਜੀਦਕੇ ਯਾਦਗਾਰੀ ਕਲੱਬ, ਗਰਾਮ ਪੰਚਾਇਤ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਗਦਰ ਲਹਿਰ ਦੇ ਅਨਮੋਲ ਹੀਰੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਦਾ ਸ਼ਹੀਦੀ ਦਿਹਾੜਾ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਆਗੂਆਂ ਨੇ ਸ਼ਹੀਦ ਦੇ ਬੁੱਤ 'ਤੇ ਫੁੱਲ ਮਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ । ਇਸ ਮੌਕੇ ਮਾਸਟਰ ਮਲਕੀਤ ਸਿੰਘ , ਭਾਕਿਯੂ ਉਗਰਾਹਾਂ ਦ

30-March-PAGE-11-Majha-2023.qxd 3/29/2023 10:40 PM Page 1

ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੀ ਬਲਾਕ ਪੱਧਰੀ ਮੀਟਿੰਗ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੀ ਬਲਾਕ ਪੱਧਰੀ ਮੀਟਿੰਗ ਭਿੱਖੀਵਿੰਡ ਤੋਂ ਬਲਾਕ ਪ੍ਰਧਾਨ ਅੰਮ੍ਰਿਤਪਾਲ ਸਿੰਘ ਬਾਠ ਦੀ ਅਗਵਾਈ ਹੇਠ ਜਥੇਬੰਦੀ ਦੇ ਆਗੂ ਗੁਰਜੰਟ ਸਿੰਘ ਦੇ ਗ੍ਰਹਿ ਪਿੰਡ ਖਾਲੜਾ ਵਿਖੇ ਹੋਈ, ਜਿਸ 'ਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਗੁਰਸਾਹਿਬ ਸਿੰਘ ਡੱਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਗੁਰਸਾਹਿਬ ਸਿੰਘ ਡੱਲ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਭ ਨੂੰ ਆਪਣੇ ਹੱਕ ਲੈਣ ਲਈ ਇੱਕ ਪਲੇਟਫਾਰਮ 'ਤੇ ਇਕੱਠਾ ਹੋਣ ਦੀ ਜ਼ਰੂਰਤ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਇਸ ਵੇਲੇ ਕਰਜ਼ੇ ਦੀ ਦਲਦਲ ਵਿਚ ਫਸਿਆ ਪਿਆ ਹੈ, ਜਿਸ ਨੂੰ ਸਰਕਾਰ ਵੱਲੋਂ ਕਰਜਾ ਮੁਆਫੀ ਦੇ ਕੇ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਸਵਾਮੀਨਾਥਨ ਰਿਪੋਰਟ ਜਲਦੀ ਤੋਂ ਜਲਦੀ ਲਾਗੂ ਕਰਨੀ ਚਾਹੀਦਾ ਹੈ ਤਾਂ ਜੋ ਕਿਸਾਨ ਦੀ ਜ਼ਿੰਦਗੀ ਵਿਚ ਇਸ ਮੌਕੇ ਆਪਣੇ ਸੰਬੋਧਨ ਵਿੱਚ ਖੁਸ਼ਹਾਲੀ ਆ ਸਕੇ। ਇਸ ਮੌਕੇ ਬਲਾਕ ਭਿੱਖੀਵਿੰਡ ਤੋਂ ਪ੍ਰਧਾਨ ਅੰਮ੍ਰਿਤਪਾਲ ਸਿੰਘ ਬਾਠ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਬੇਮੌਸਮੀ ਬਾਰਿਸ ਨਾਲ ਝੰਬੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਮੀਟਿੰਗ ਦੇ ਅੰਤ ਵਿੱਚ ਜਥੇਬੰਦੀ ਦੇ ਆਗੂਆਂ ਵੱਲੋਂ ਸਰਬਸੰਮਤੀ ਨਾਲ ਪਿੰਡ ਖਾਲੜਾ ਇਕਾਈ ਦੀ ਚੋਣ ਕੀਤੀ ਗਈ, ਜਿਸ 'ਚ ਬਘੇਲ ਸਿੰਘ ਪ੍ਰਧਾਨ, ਕਰਨਜੀਤ ਸਿੰਘ ਜਨਰਲ ਸਕੱਤਰ, ਹਰਭਜਨ ਸਿੰਘ ਸੀਨੀਅਰ ਮੀਤ ਪ੍ਰਧਾਨ, ਜਗਜੀਤ ਸਿੰਘ ਵਿੱਤ ਸਕੱਤਰ, ਜਸਵੰਤ ਸਿੰਘ ਪ੍ਰਚਾਰਕ ਸਕੱਤਰ, ਦਲੇਰ ਸਿੰਘ ਮੀਤ ਪ੍ਰਧਾਨ ਅਤੇ ਜੈਮਲ ਸਿੰਘ ਪ੍ਰੈਸ ਸਕੱਤਰ ਨਿਯੁਕਤ ਕੀਤੇ ਗਏ। ਇਸ ਮੌਕੇ ਪਵਨਦੀਪ ਸਿੰਘ, ਪਹਿਲਵਾਨ ਹਰਜੀਤ ਸਿੰਘ, ਗੁਰਜੰਟ ਸਿੰਘ, ਚਾਚਾ ਜੈਮਲ ਸਿੰਘ, ਸਾਰਜ ਸਿੰਘ, ਗੁਰਸਾਹਿਬ ਸਿੰਘ ਪਹੂਵਿੰਡ, ਰੂਪਾ ਸਿੰਘ ਡੱਲ, ਪਰਮਿੰਦਰ ਸਿੰਘ, ਜਸਵੰਤ ਸਿੰਘ, ਰਣਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

ਤਿੱਬੜੀ ਛਾਉਣੀ ਵਿਖੇ ਨਾਇਕ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਅੰਦਰ ਪੈਂਦੀ ਤਿੱਬੜੀ ਛਾਉਣੀ ਵਿਚ ਬੀਤੇ ਕੱਲ੍ਹ ਇਕ ਫੌਜੀ ਨਾਇਕ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਣ ਦੀ ਖ਼ਬਰ ਮਿਲੀ ਹੈ। ਏ. ਐਸ. ਆਈ. ਤਰਲੋਕ ਚੰਦ ਥਾਣਾ ਪੁਰਾਣਾ ਸ਼ਾਲਾ ਨੇ ਦੱਸਿਆ ਕਿ ਤਿੱਬੜੀ ਛਾਉਣੀ ਸਥਿਤ ਫੌਜੀ ਨਾਇਕ ਬਰਿੰਦਰ ਸਿੰਘ (45) ਪੁੱਤਰ ਵਿਨੇਸ਼ ਕੁਮਾਰ ਪਿੰਡ ਜਤਿਨਵਾਲਾ ਜਿਲ੍ਹਾ ਮੁਹਾਰ ਸੂਬਾ ਉੱਤਰਾਖੰਡ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪੁਰਾਣਾ ਸ਼ਾਲਾ ਪੁਲਸ ਨੇ ਧਾਰਾ 174 ਦੀ ਕਾਰਵਾਈ ਕਰਦਿਆਂ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ

30 ਹਜ਼ਾਰ ਐੱਮ ਐੱਲ ਨਾਜਾਇਜ਼ ਸ਼ਰਾਬ ਸਮੇਤ ਕਾਬੂ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਕਾਹਨੂੰਵਾਨ ਦੇ ਏ. ਐੱਸ. ਆਈ. ਹਰਪ੍ਰੀਤਮ ਸਿੰਘ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਪਿੰਡ ਲਾਧੂਪੁਰ ਨੇੜੇ ਨਾਕਾ ਲਗਾ ਕੇ ਵਹੀਕਲਾਂ ਦੀ ਚੈਕਿੰਗ ਕਰ ਰਹੇ ਸਨ ਕਿ ਇਸੇ ਦੌਰਾਨ ਇਕ ਵਿਅਕਤੀ ਕੈਨ ਪਲਾਸਟਿਕ ਜ਼ਮੀਨ ਉਪਰ ਰੱਖ ਕੇ ਖਿਸਕਣ ਲੱਗਾ ਤਾਂ ਪੁਲਸ ਵਲੋਂ ਉਸ ਨੂੰ ਕਾਬੂ ਕਰਕੇ ਕੈਨ ਵਿਚੋਂ 30 ਹਜ਼ਾਰ ਐਮ. ਐਲ. ਨਜਾਇਜ਼ ਸ਼ਰਾਬ ਬਰਾਮਦ ਕਰਕੇ ਉਕਤ ਵਿਅਕਤੀ ਜਸਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਕੋਟ ਟੋਡਰ ਮੱਲ ਖਿਲਾਫ਼ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਮੋਟਰਸਾਈਕਲ ਸਮੇਤ ਲੁਟੇਰਾ ਕਾਬੂ, ਦੂਜਾ ਸਕੂਟਰੀ ਤੇ ਮੋਬਾਇਲ ਖੋਹ ਕੇ ਫਰਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬੀਤੀ ਮੰਗਲਵਾਰ ਦੇਰ ਸ਼ਾਮ ਕਰੀਬ ਸਾਢੇ ਅੱਠ ਵਜੇ ਪੁਲਸ ਥਾਣਾ ਤਿੱਬੜ ਅਧੀਨ ਪੈਂਦੇ ਪਿੰਡ ਸਿੱਧਵਾਂ ਨੇੜੇ ਡੱਲਾ ਗੋਰੀਆਂ ਮੋੜ 'ਤੇ ਸ਼ਹੀਦੀ ਗੇਟ ਕੋਲ ਇਕ ਕਿਸਾਨ ਦੇ ਸਕੂਟਰੀ ਤੇ ਸਵਾਰ ਨੌਕਰ ਕੋਲੋਂ ਲੁੱਟ ਖੋਹ ਕਰਦੇ ਸਮੇਂ ਸਪਲੈਂਡਰ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਵਿੱਚੋਂ ਇਕ ਨੌਜਵਾਨ ਨੂੰ ਮੋਟਰਸਾਈਕਲ ਸਮੇਤ ਲੋਕਾਂ ਨੇ ਕਾਬੂ ਕੀਤਾ ਹੈ, ਜਦਕਿ ਦੂਜਾ ਨੌਜਵਾਨ, ਸਕੂਟਰੀ ਤੇ ਮੋਬਾਈਲ ਖੋਹ ਕੇ ਹਨੇਰੇ ਦਾ ਫਾਇਦਾ ਲੈਂਦਾ ਹੋਇਆ ਫਰਾਰ ਹੋ ਗਿਆ। ਪਿੰਡ ਡੱਲਾ ਗੋਰੀਆਂ ਦੇ ਪ੍ਰੀਤਪਾਲ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਕਾਬੂ ਕੀਤੇ ਨੌਜਵਾਨ ਤੇ ਮੋਟਰਸਾਈਕਲ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਪ੍ਰੀਤਪਾਲ ਸਿੰਘ ਪੁੱਤਰ ਕਾਬਲ ਸਿੰਘ ਵਾਸੀ ਡੱਲਾ ਗੋਰੀਆ ਨੇ ਦੱਸਿਆ ਕਿ ਉਸਦਾ ਨੌਕਰ ਛੋਟੇ ਲਾਲ ਦੁਬੇ ਬੀਤੀ ਮੰਗਲਵਾਰ ਦੇਰ ਸ਼ਾਮ ਕਰੀਬ 8:30 ਵਜੇ ਪਿੰਡ ਤੋਂ ਸਕੂਟਰੀ ਬੀਪੀ 06 ਬੀ ਬੀ 6231 ਮਾਰਕਾ ਜੂਪੀਟਰ ਤੇ ਸਵਾਰ ਹੋ ਕੇ ਖੇਤਾਂ ਵਿੱਚ ਕੰਮ ਕਰਨ ਵਾਲੇ ਬੰਦਿਆਂ ਦਾ ਪਤਾ ਕਰਨ ਗਿਆ, ਤਾਂ ਜਾਂਦੇ ਸਮੇਂ ਜਦੋਂ ਉਹ ਗੁਰਦਾਸਪੁਰ-ਸ੍ਰੀ ਹਰਗੋਬਿੰਦਪੁਰ ਰੋਡ ਉਪਰ ਡੱਲਾ ਮੋੜ ਤੇ ਸੜਕ ਕਰਾਸਿੰਗ ਕਰਨ ਸਮੇਂ ਸ਼ਹੀਦ ਸਿਪਾਹੀ ਨਰੇਸ਼ ਸਲਾਰੀਆ ਯਾਦਗਾਰੀ ਗੇਟ ਕੋਲ ਖੜਾ ਹੋਇਆ, ਤਾਂ ਇਕ ਸਪਲੈਂਡਰ ਮੋਟਰਸਾਈਕਲ ਤੇ ਸਵਾਰ ਦੋ ਮੋਨੇ ਨੌਜਵਾਨ ਰਸਤਾ ਪੁੱਛਣ ਦੇ ਬਹਾਨੇ ਉਸ ਕੋਲ ਖੜੇ ਹੋਏ ਤਾਂ ਉਨ੍ਹਾਂ ਨੇ ਸਕੂਟਰੀ ਵਿਚੋਂ ਚਾਬੀ ਕੱਢ ਲਈ ਤੇ ਨੌਕਰ ਨੂੰ ਕਹਿਦੇ ਤੇਰੇ ਕੋਲ ਜੋ ਕੁੱਝ ਹੈ ਕੱਢ ਕੇ ਦੇਦੇ ਅਤੇ ਜੇ ਕਿਸੇ ਨੂੰ ਦੱਸਿਆ ਤਾਂ ਤੈਨੂੰ ਮਾਰ ਦਿਆਂਗੇ। ਇਸ ਦੌਰਾਨ ਛੋਟੇ ਲਾਲ ਦੁਬੇ ਨੇ ਉਨ੍ਹਾਂ ਕੋਲੋਂ ਜਾਨ ਬਚਾਉਣ ਲਈ ਪੈਦਲ ਹੀ ਦੌੜਦਿਆਂ ਫੋਨ ਕਰਕ ਉਸ (ਪ੍ਰੀਤਪਾਲ ਸਿੰਘ) ਨੂੰ ਦੱਸਿਆ ਕਿ ਮੈਨੂੰ ਬੰਦੇ ਪੈ ਗਏ ਹਨ। ਏਨੇ ਚਿਰ ਨੂੰ ਉੱਕਤ ਨੌਜਵਾਨਾਂ ਨੇ ਉਸ ਕੋਲੋਂ ਮੋਬਾਇਲ ਖੋਹ ਲਿਆ। ਅਸੀਂ ਫੋਨ ਸੁਣਦਿਆਂ ਹੀ ਆਪਣੀ ਕਾਰ ਵਿੱਚ ਸਵਾਰ ਹੋ ਕੇ ਘਟਨਾ ਵਾਲੇ ਸਥਾਨ ਤੇ ਪਹੁੰਚੇ ਤਾਂ ਨੌਕਰ ਨਾਲ ਹੱਥੋਪਾਈ ਹੋ ਰਹੇ ਨੌਜਵਾਨ ਸਾਨੂੰ ਵੇਖ ਦੌੜਣ ਲੱਗੇ ਤਾਂ ਇਕ ਨੌਜਵਾਨ ਨੂੰ ਅਸੀਂ ਕਾਬੂ ਕਰ ਲਿਆ ਤੇ ਉਨ੍ਹਾਂ ਵਾਲਾ ਉਥੇ ਖੜਾ ਮੋਟਰਸਾਈਕਲ ਵੀ ਕਾਬੂ ਕਰ ਲਿਆ। ਜਦਕਿ ਦੂਸਰਾ ਨੌਜਵਾਨ ਨੌਕਰ ਵਾਲੀ ਸਕੂਟਰੀ ਸਟਾਰਟ ਕਰਕੇ ਤੇ ਛੋਟੇ ਲਾਲ ਦੁਬੇ ਵਾਲਾ ਮੋਬਾਈਲ ਫੋਨ ਲੈ ਕੇ ਹਨੇਰੇ ਦਾ ਫਾਇਦਾ ਲੈਂਦਾ ਹੋਇਆ ਫਰਾਰ ਹੋ ਗਿਆ। ਇਸ ਸਬੰਧੀ ਸੂਚਨਾ ਮਿਲਣ ਤੇ ਥਾਣਾ ਤਿੱਬੜ ਤੋਂ ਏਐਸਆਈ ਮੋਹਨ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਤਾਂ ਕਾਬੂ ਨੌਜਵਾਨ ਅਤੇ ਮੋਟਰਸਾਈਕਲ ਉਨ੍ਹਾਂ ਨੇ ਪੁਲਸ ਦੇ ਹਵਾਲੇ ਕਰ ਦਿੱਤਾ। ਕਾਬੂ ਨੌਜਵਾਨ ਦੀ ਪਛਾਣ ਜਤਿੰਦਰ ਸਿੰਘ ਉਰਫ ਸਾਗਰ ਪੁੱਤਰ ਅਜੀਤ ਸਿੰਘ ਵਾਸੀ ਅਲਾਵਲਪੁਰ ਵਜੋਂ ਹੋਈ, ਜਦਕਿ ਫਰਾਰ ਨੌਜਵਾਨ ਦੀ ਪਛਾਣ ਹਰਜਿੰਦਰ ਸਿੰਘ ਉਰਫ ਜਿੰਦਾ ਪੁੱਤਰ ਜੋਗਿੰਦਰ ਸਿੰਘ ਵਾਸੀ ਹਸਨਪੁਰ ਕਲਾਂ (ਬਟਾਲਾ) ਵਜੋਂ ਹੋਈ ਹੈ। ਥਾਣਾ ਤਿੱਬੜ ਦੀ ਪੁਲਸ ਵਲੋਂ ਪ੍ਰੀਤਪਾਲ ਸਿੰਘ ਦੇ ਬਿਆਨਾਂ ਅਨੁਸਾਰ ਜਤਿੰਦਰ ਸਿੰਘ ਉਰਫ ਸਾਗਰ ਅਤੇ ਹਰਜਿੰਦਰ ਸਿੰਘ ਉਰਫ ਜਿੰਦਾ ਵਿਰੁੱਧ ਧਾਰਾ 379-ਬੀ ਆਈਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਜਾਰੀ ਹੈ।

'ਆਪ' ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ ਵੱਲੋਂ ਵਾਲੀਬਾਲ ਟੂਰਨਾਮੈਂਟ ਦਾ ਉਦਘਾਟਨ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਦੀ ਕੀਰਤਨ ਦਰਬਾਰ ਸੇਵਾ ਸੋਸਾਇਟੀ ਅਜਨਾਲਾ ਦੇ ਖੁੱਲੇ ਮੈਦਾਨ 'ਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਰਮਬੀਰ ਸਪੋਰਟਸ ਐਂਡ ਕਲਚਰਲ ਕਲੱਬ ਅਜਨਾਲਾ ਵੱਲੋਂ ਸਰਹੱਦੀ ਇਲਾਕੇ 'ਚ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਹਿੱਤ ਰਾਜ ਪੱਧਰੀ 34 ਟੀਮਾਂ ਦੇ ਵਿਚਕਾਰ ਵਾਲੀਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦੇ ਹੋਏ ਰੀਬਨ ਕੱਟ ਕੇ ਵਾਲੀਬਾਲ ਦੇ ਟੂਰਨਾਮੈਂਟ ਦਾ ਉਦਘਾਟਨ ਕੀਤਾ। ਇਸ ਮੌਕੇ ਆਪ ਪ੍ਰਧਾਨ ਦੀਪਕ ਚੈਨਪੁਰੀਆ ਨੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਕਲੱਬ ਨੂੰ 51 ਹਜ਼ਾਰ ਰੁਪਏ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਅੱਜ ਸੂਬੇ ਵਿੱਚ ਅਜਿਹੇ ਖੇਡ ਕਲੱਬਾਂ ਦੀ ਅਤਿਅੰਤ ਲੋੜ ਹੈ ਜੋ ਸਰਹੱਦੀ ਇਲਾਕੇ ਦੇ ਨੌਜਵਾਨ ਖਿਡਾਰੀਆਂ ਨੂੰ ਖੇਡਾਂ ਨਾਲ ਜੋੜਨ ਲਈ ਹੌਸਲਾ ਅਫਜ਼ਾਈ ਕਰ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਵੀ ਨੌਜਵਾਨਾਂ ਨੂੰ ਖੇਡ ਸਰੋਕਾਰਾਂ ਨਾਲ ਜੋੜਨ ਲਈ ਕਈ ਅਹਿਮ ਫੈਸਲੇ ਲਏ ਜਾ ਰਹੇ ਹਨ, ਜਿਸ ਨਾਲ ਆਉਣ ਵਾਲੇ ਸਮੇਂ 'ਚ ਨੌਜਵਾਨ ਖਿਡਾਰੀਆਂ ਨੂੰ ਖੇਡਾਂ 'ਚ ਅੱਗੇ ਵੱਧਣ ਦੇ ਕਈ ਅਹਿਮ ਮੌਕੇ ਪ੍ਰਾਪਤ ਹੋਣਗੇ। ਇਸ ਮੌਕੇ ਆਪ ਦੇ ਵਾਰਡ ਇੰਚਾਰਜ ਗੋਰਾ ਸੱਗੂ, ਅਮਿਤ ਪੁਰੀ, ਰਸ਼ਪਾਲ ਸਿੰਘ ਅਜਨਾਲਾ, ਸ਼ਸ਼ੇਰ ਸਿੰਘ, ਅਮਰਦੀਪ ਸਿੰਘ ਰਿੰਕੂ, ਪਵਿੱਤਰ ਸਿੰਘ ਫੌਜੀ, ਦੀਪਕ ਭੱਟੀ, ਹਰਭਜਨ ਸਿੰਘ ਨਿੱਜਰ ਅਜਨਾਲਾ, ਰਣਜੀਤ ਸਿੰਘ, ਸੁਰਿੰਦਰ ਸਿੰਘ ਢਿੱਲੋਂ, ਤਲਵਿੰਦਰ ਸਿੰਘ ਪੁਰਬਾ ਅਤੇ ਭਾਈ ਮੰਗਲ ਸਿੰਘ ਨਿੱਜਰ ਆਦਿ ਹਾਜ਼ਰ ਸਨ।

ਆਲ ਇੰਡੀਆ ਆਂਗਣਵਾੜੀ ਵਰਕਰ ਏਟਕ ਯੂਨੀਅਨ ਵੱਲੋਂ ਡਿਪਟੀ ਡਾਇਰੈਕਟਰ ਦਾ ਧੰਨਵਾਦ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਆਲ ਇੰਡੀਆ ਆਂਗਣਵਾੜੀ ਵਰਕਰ ਏਟਕ ਯੂਨੀਅਨ ਵੱਲੋਂ ਡਿਪਟੀ ਡਾਇਰੈਕਟਰ ਮੈਡਮ ਰਮਿੰਦਰ ਕੌਰ ਦਾ ਧੰਨਵਾਦ ਕੀਤਾ ਗਿਆ। ਇਹ ਧੰਨਵਾਦ ਏਟਕ ਯੂਨੀਅਨ ਅਜਨਾਲਾ ਦੀ ਪ੍ਰਧਾਨ ਕੰਵਲਜੀਤ ਕੌਰ ਵੱਲੋਂ ਪੰਜਾਬ ਸਰਕਾਰ ਅਤੇ ਆਂਗਣਵਾੜੀ ਡਿਪਾਰਟਮੈਂਟ ਵੱਲੋਂ ਭੇਜੀ ਫੀਡ ਸਮੱਗਰੀ ਲਈ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਮਾਰਕਫੈੱਡ ਵੱਲੋਂ ਮੁਹਈਆ ਕਰਵਾਈਆਂ ਗਈਆਂ 8 ਆਇਟਮਾਂ ਬਹੁਤ ਹੀ ਵਧੀਆ ਹਨ, ਖਾਸ ਕਰ ਬੱਚਿਆਂ ਲਈ ਭੇਜੀ ਗਈ ਖਿਚੜੀ ਬਹੁਤ ਹੀ ਵਧੀਆ ਕਵਾਲਟੀ ਦੀ ਹੋਣ ਕਰਕੇ ਪਸੰਦ ਕੀਤੀ ਹੈ ਅਤੇ ਏਟਕ ਯੂਨੀਅਨ ਇਸ ਮਾਰਕਫੈੱਡ ਦੀ ਭੇਜੀ ਗਈ ਫੀਡ ਲਈ ਡਾਇਰੈਕਟਰ ਮੈਡਮ ਮਾਧਵੀ ਕਟਾਰੀਆ ਅਤੇ ਡਿਪਟੀ ਡਾਇਰੈਕਟਰ ਮੈਡਮ ਰਮਿੰਦਰ ਕੌਰ ਦਾ ਧੰਨਵਾਦ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਅੱਗੇ ਤੋਂ ਵੀ ਇਹੋ ਫੀਡ ਬੱਚਿਆਂ ਨੂੰ ਦਿੱਤੀ ਜਾਵੇ। ਇਸ ਮੌਕੇ ਜਸਵਿੰਦਰ ਕੌਰ, ਦਿਆਬੀਰ ਕੌਰ, ਅਰੁਨ ਕਾਂਤਾ, ਰਮਨਦੀਪ ਕੌਰ, ਅਮਰਪ੍ਰੀਤ ਕੌਰ, ਨੀਲਕਮਲ, ਹਰਦੀਪ ਕੌਰ, ਹਰਪ੍ਰੀਤ ਕੌਰ, ਇੰਦਰਜੀਤ ਕੌਰ, ਹੈਲਪਰ ਅੰਜੂ ਬਾਲਾ, ਰੇਖਾ ਅਤੇ ਇੰਦੂ ਬਾਲਾ ਹਾਜ਼ਰ ਸਨ।

ਸ਼ਹੀਦ ਬਾਕੀਪੁਰ ਦੀ ਬਰਸੀ ਮੌਕੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਤੇ ਨੌਜਵਾਨਾਂ ਦਾ ਆਇਆ ਹੜ੍ਹ

6 ਅਪ੍ਰੈਲ ਨੂੰ ਕੌਮੀ ਇਨਸਾਫ ਮੋਰਚੇ ਦੀ ਹਮਾਇਤ ਲਈ ਸ਼ਾਮਲ ਹੋਣ ਦਾ ਡਟਵਾਂ ਐਲਾਨ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਸਮੇਂ ਦੌਰਾਨ ਕਿਸਾਨ ਮਜਦੂਰ ਸੰਘਰਸ ਕਮੇਟੀ (ਪੰਜਾਬ) ਦੀ ਅਗਵਾਈ ਵਿੱਚ ਹਜ਼ਾਰਾਂ ਕਿਸਾਨਾਂ, ਮਜਦੂਰਾਂ, ਬੀਬੀਆਂ, ਨੌਜਵਾਨਾਂ ਨੇ ਬੰਬੀਆਂ ਦੇ ਬਿੱਲ ਬਾਈਕਾਟ ਲਈ ਵਿੱਢੇ ਸ਼ੰਘਰਸ਼ ਦੌਰਾਨ ਮਾਨਾਂਵਾਲਾ ਰੇਲਵੇ ਸਟੇਸ਼ਨ ਤੇ ਪੁਲਸ ਦੀ ਗੋਲੀ ਨਾਲ ਸ਼ਹੀਦ ਹੋਏ ਅੰਗਰੇਜ ਸਿੰਘ ਬਾਕੀਪੁਰ ਅਤੇ ਵੱਖ-ਵੱਖ ਅੰਦੋਲਨਾਂ ਦੌਰਾਨ ਸ਼ਹੀਦ ਹੋਏ ਕਿਸਾਨਾਂ ਤੇ ਮਜ਼ਦੂਰਾਂ ਨੂੰ ਦਾਣਾ ਮੰਡੀ ਤਰਨਤਾਰਨ ਵਿਖੇ ਵਿਸ਼ਾਲ ਰੈਲੀ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਜਿੰਦਰ ਸਿੰਘ ਸ਼ਕਰੀ ਨੇ ਬਖੂਬੀ ਨਿਭਾਈ। ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਹਰਪ੍ਰੀਤ ਸਿੰਘ ਸਿੱਧਵਾਂ, ਸਤਨਾਮ ਸਿੰਘ ਮਾਣੋਚਾਹਲ, ਜਰਨੈਲ ਸਿੰਘ ਨੂਰਦੀ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸਾਨੂੰ ਸ਼ਹੀਦਾਂ ਦੀ ਸੋਚ ਤੇ ਚੱਲ ਕੇ ਆਪਣੀਆਂ ਫਸਲਾਂ ਤੇ ਨਸਲਾਂ ਬਚਾਉਣ ਲਈ ਹੱਕ ਸੱਚ ਦੀ ਲੜਾਈ ਵਿੱਚ ਪਰਿਵਾਰਾਂ ਸਮੇਤ ਡਟਣਾ ਪਵੇਗਾ ਤਾਂ ਹੀ ਸ਼ਹੀਦਾਂ ਦੇ ਅਧੂਰੇ ਸੁਪਨੇ ਪੂਰੇ ਕੀਤੇ ਜਾ ਸਕਣਗੇ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਆਪ ਧਰਨਿਆਂ ਵਿੱਚੋਂ ਨਿਕਲੀ ਅਤੇ ਕਿਸਾਨਾਂ ਮਜ਼ਦੂਰਾਂ ਦੀ ਹਮਾਇਤੀ ਕਹਿਣ ਵਾਲੀ ਆਮ ਆਦਮੀ ਪਾਰਟੀ ਦਾ ਅਸਲੀ ਚਿਹਰਾ ਲੋਕਾਂ ਵਿੱਚ ਨੰਗਾ ਹੋ ਗਿਆ ਹੈ। ਕਿਸਾਨ ਆਗੂ ਤਰਸੇਮ ਸਿੰਘ ਧਾਰੀਵਾਲ, ਦਿਆਲ ਸਿੰਘ ਮੀਆਂਵਿੰਡ, ਰਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਚੋਹਲਾ, ਫਤਿਹ ਸਿੰਘ ਪਿੱਦੀ ਨੇ ਕਿਹਾ ਕਿ ਅਜਨਾਲਾ ਕਾਂਡ ਦੀ ਆੜ ਵਿੱਚ ਬੇਕਸੂਰ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਅਤੇ ਸੰਘਰਸ ਕਰਨ ਵਾਲਿ

30-March-PAGE- 12.qxd 3/29/2023 10:41 PM Page 1

ਸਿੱਖਿਆ ਮੰਤਰੀ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਪ੍ਰਤਿਭਾ ਖੋਜ ਮੁਕਾਬਲੇ ਹਰ ਸਾਲ ਕਰਵਾਉਣ ਦਾ ਐਲਾਨ

ਐੱਸ ਏ ਐੱਸ ਨਗਰ . (ਗੁਰਜੀਤ ਬਿੱਲਾ)– ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਹਰ ਸਾਲ ਕਰਵਾਉਣ ਦਾ ਐਲਾਨ ਕੀਤਾ ਹੈ। ਸਥਾਨਿਕ ਅਮੇਟੀ ਇੰਟਰਨੈਸ਼ਨਲ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਸਬੰਧੀ ਕਰਵਾਏ ਗਏ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ 'ਪ੍ਰਤਿਭਾ ਖੋਜ ਮੁਕਾਬਲੇ' ਪਹਿਲੀ ਵਾਰ ਕਰਵਾਏ ਗਏ ਹਨ ਅਤੇ ਹੁਣ ਇਹਨਾਂ ਨੂੰ ਹਰ ਸਾਲ ਕਰਵਾਇਆ ਜਾਵੇਗਾ ।ਉਹਨਾਂ ਕਿਹਾ ਕਿ ਬੱਚਿਆਂ ਦੀ ਕਲਾ ਨੂੰ ਨਿਖਾਰਨ ਵਾਲੇ ਅਧਿਆਪਕਾਂ ਨੇ ਮਿਹਨਤ ਨਾਲ ਇਹਨਾਂ ਬੱਚਿਆਂ ਦੀ ਤਿਆਰੀ ਕਰਵਾਈ ਹੈ। ਇਹ ਬੱਚੇ ਦੂਸਰੇ ਬੱਚਿਆਂ ਤੋਂ ਵੀ ਵੱਧ ਪ੍ਰਤਿਭਾਸ਼ਾਲੀ ਹੁੰਦੇ ਹਨ ਜੇਕਰ ਇਹਨਾਂ ਢੁੱਕਵਾਂ ਸਮਾਂ ਦਿੱਤਾ ਜਾਵੇ। ਬੈਂਸ ਨੇ ਹੌਸਲਾ ਅਫਜਾਈ ਲਈ ਪ੍ਰਮਾਣ ਪੱਤਰ ਅਤੇ ਟਰਾਫੀਆਂ ਦੇ ਕੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ। ਇਸ ਸਮੇਂ ਲਗਾਈਆਂ ਗਈਆਂ ਵੱਖ ਵੱਖ ਸਟਾਲਾਂ ਦਾ ਦੌਰਾ ਕਰਕੇ ਹਰ ਸਟਾਲ ਤੇ ਬਰੀਕੀ ਨਾਲ ਜਾਣਕਾਰੀ ਹਾਸਲ ਕੀਤੀ ਅਤੇ ਇਹਨਾਂ ਦੀ ਪ੍ਰਸੰਸਾ ਕੀਤੀ। ਇਹਨਾਂ ਸਟਾਲਾਂ ਵਿੱਚ ਵੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਆਪੋ ਆਪਣੇ ਹੁਨਰ ਦੀ ਪ੍ਰਦਰਸ਼ਨੀ ਲਗਾਈ ਹੋਈ ਸੀ, ਜਿਨ੍ਹਾਂ ਵਿੱਚ ਥ੍ਰੀ ਡੀ ਪ੍ਰਿੰਟਿੰਗ,ਚੱਪਲ ਮੇਕਿੰਗ,ਚਾਕ ਮੇਕਿੰਗ, ਪੈਨ ਮੇਕਿੰਗ,ਟੈਬ ਲੈਬ, ਫਿਜਿਓਥਰੈਪੀ ਲੈਬ,ਕਟਿੰਗ ਅਤੇ ਟੇਲਰਿੰਗ ਅਤੇ ਬਿਊਟੀ ਐਂਡ ਵੈੱਲਨੈੱਸ ਆਦਿ ਸਨ। ਇਸ ਮੌਕੇ ਬੱਚਿਆਂ ਦੁਆਰਾ ਸੱਭਿਆਚਾਰ ਪ੍ਰੋਗਰਾਮ ਦੀ ਪੇਸ਼ਕਾਰੀ ਦੀ ਸਮੂਹ ਮਾਪਿਆਂ,ਅਧਿਆਪਕਾਂ ਅਤੇ ਅਧਿਕਾਰੀਆਂ ਨੇ ਖੂਬ ਪ੍ਰਸੰਸਾ ਕੀਤੀ। ਇਸ ਦੌਰਾਨ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਇੱਕ ਰੋਜਾ ਸੂਬਾ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ। ਇਹ ਪ੍ਰੋਗਰਾਮ ਇਨਕਲੂਸਿਵ ਐਜੂਕੇਸ਼ਨ ਫਾਰ ਡਿਸਏਬਲਡ (ਆਈ.ਈ.ਡੀ.) ਅਧੀਨ ਸਿੱਖਿਆ ਲੈ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਜਿਸ ਵਿੱਚ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਦੇ ਬੱਚਿਆਂ ਵੱਲੋਂ ਸਵਾਗਤੀ ਭਾਸ਼ਣ ਤੋਂ ਸ਼ੁਰੂਆਤ ਕਰਦੇ ਹੋਏ ਸੰਕੇਤਕ ਭਾਸ਼ਾ ਵਿੱਚ ਕੌਮੀ ਗਾਣ, ਸਬਦ ਗਾਇਨ,ਆਤਮ ਕਥਾ,ਲੁੱਡੀ ਭੰਗੜਾ,ਗੀਤ ਗਾਇਨ, ਨਾਟਕ, ਕੱਠਪੁਤਲੀ ,ਮਲਵਈ ਗਿੱਧਾ ਆਦਿ ਦੀ ਪੇਸ਼ਕਾਰੀ ਕੀਤੀ ਗਈ। ਇਸ ਪ੍ਰੋਗਰਾਮ ਵਿੱਚ 500 ਦੇ ਲੱਗਭਗ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ, ਉਹਨਾਂ ਦੇ ਮਾਪਿਆਂ, ਅਧਿਆਪਕਾਂ/ਕਰਮਚਾਰੀਆਂ ਵੱਲੋਂ ਭਾਗ ਲਿਆ। ਚਿੱਤਰਕਾਰੀ, ਸਲੋਗਨ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਜਿਨ੍ਹਾਂ ਵਿੱਚ ਸਾਈਨਪ੍ਰੀਤ ਮੋਗਾ ਤੇ ਗੁਰਦਿੱਤਾ ਸਿੰਘ ਬਰਨਾਲਾ ਨੇ ਪੋਸਟਰ ਮੇਕਿੰਗ, ਸੁਮਨ ਢੀਂਗਰਾ ਫਰੀਦਕੋਟ ਨੇ ਚਿੱਤਰਕਾਰੀ, ਲਵਪ੍ਰੀਤ ਸਿੰਘ ਪਟਿਆਲਾ ਨੇ ਵੀ ਚਿੱਤਰਕਾਰੀ, ਗੋਲਡੀ ਸ਼ਰਮਾ ਮਲੇਰਕੋਟਲਾ ਨੇ ਸਲੋਗਨ,ਮਾਨਿਕ ਫਾਜ਼ਿਲਕਾ ਨੇ ਸਲੋਗਨ ਵਿੱਚ ਸਰਵੋਤਮ ਪ੍ਰਦਰਸ਼ਨ ਕੀਤਾ। ਇਸ ਮੌਕੇ ਸਪੈਸ਼ਲ ਸੈਕਟਰੀ ਟੂ ਐਜੂਕੇਸਨ ਗੌਰੀ ਪਰਾਸ਼ਰ, ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ,ਡਿਪਟੀ ਐਸੱਪੀਡੀ ਅਮਨਦੀਪ ਕੌਰ,ਏਐੱਸਪੀਡੀ ਸਵਤੰਤਰ ਕਰੀਰ,ਸਟੇਟ ਸਪੈਸ਼ਲ ਐਜੂਕੇਟਰ ਨਿਧੀ ਗੁਪਤਾ,ਸਹਾਇਕ ਆਈਈਡੀ ਮਨਪ੍ਰੀਤ ਸਿੰਘ ਅਤੇ ਡਾਟਾ ਐਂਟਰੀ ਇਕਬਾਲ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮੁਹਾਲੀ ਬਲਜਿੰਦਰ ਸਿੰਘ,ਜ਼ਿਲ੍ਹਾ ਸਿੱਖਿਆ ਅਫਸਰ ਐਸਿ ਮੁਹਾਲੀ ਅਸ਼ਵਨੀ ਕੁਮਾਰ ਦੱਤਾ ਅਤੇ ਰਾਜ ਪੱਧਰੀ ਅਧਿਕਾਰੀ ਅਤੇ ਅਧਿਆਪਕ, ਸਮੂਹ ਜ਼ਿਲ੍ਹਾ ਸਪੈਸ਼ਲ ਐਜੂਕੇਟਰਜ ਮੌਜੂਦ ਸਨ।

ਨਗਰ ਕੌਂਸਲ ਨੇ ਸਵੱਛਤਾ ਮਸ਼ਾਲ ਮਾਰਚ ਕੱਢਿਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸਵੱਛਤਾ ਉਤਸਵ 2023 ਤਹਿਤ ਨਗਰ ਕੌਂਸਲ ਟਾਂਡਾ ਉੜਮੁੜ ਵੱਲੋਂ ਸ਼ਹਿਰ ਵਿੱਚ ਸਵੱਛਤਾ ਮਸ਼ਾਲ ਮਾਰਚ ਕੱਢਿਆ ਗਿਆ। ਮਾਰਚ ਕੱਢਣ ਤੋਂ ਪਹਿਲਾਂ ਈ.ਓ.ਮਦਨ ਸਿੰਘ, ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸਲ, ਡਾ: ਕੇਵਲ ਸਿੰਘ ਕਾਜਲ, ਪੰਕਜ ਸਚਦੇਵਾ ਦੀ ਅਗਵਾਈ 'ਚ ਹੋਏ ਜਾਗਰੂਕਤਾ ਪ੍ਰੋਗਰਾਮ ਦੌਰਾਨ । ਸ਼ਹਿਰ ਵਾਸੀਆਂ ਨੂੰ ਸਵੱਛ ਭਾਰਤ ਮੁਹਿਮ ਨੂੰ ਸਫਲ ਬਣਾਉਣ ਅਤੇ ਸ਼ਹਿਰ ਨੂੰ ਕੂੜਾ ਮੁਕਤ ਰੱਖਣ ਲਈ ਸਹਿਯੋਗ ਦੇਣ ਦੀ ਗੱਲ ਕਹੀ। ਲੋਕਾਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਨਿਸਚਿਤ ਥਾਵਾਂ 'ਤੇ ਰੱਖਣ ਅਤੇ ਨਾਲੀਆਂ 'ਚ ਨਾ ਸੁੱਟਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਇਕੱਲੇ ਸਫਾਈ ਸੇਵਕਾਂ ਦੀ ਮਿਹਨਤ ਵੀ ਕੰਮ ਨਹੀਂ ਆਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਅਤੇ ਔਰਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ਹਿਰ ਨੂੰ ਕੂੜਾ ਮੁਕਤ ਬਣਾਉਣ ਲਈ ਚਲਾਈ ਗਈ ਇਸ ਸਫਾਈ ਮੁਹਿਮ ਦਾ ਲਗਾਤਾਰ ਹਿੱਸਾ ਬਣਨ। ਇਸ ਮੌਕੇ ਕੌਂਸਲਰ, ਸਟਾਫ ਮੈਂਬਰਾਂ ਅਤੇ ਲੋਕਾਂ ਨੂੰ ਸਵੱਛਤਾ ਦੀ ਸਹੁੰ ਵੀ ਚੁਕਾਈ ਗਈ । ਜਿਸ ਤੋਂ ਬਾਅਦ ਸ਼ਹਿਰ ਵਿੱਚ ਸਫਾਈ ਮਸ਼ਾਲ ਮਾਰਚ ਕੱਢਿਆ ਗਿਆ। ਇਸ ਮੌਕੇ ਕੌਂਸਲਰ ਆਸ਼ੂ ਵੈਦ, ਐਸ.ਓ ਗੁਰਵਿੰਦਰ ਸਿੰਘ, ਬੰਟੀ, ਵੀਰ ਨਾਥ, ਬਬਲੂ, ਮਨਜੀਤ ਸਿੰਘ,ਰਸ਼ਪਾਲ ਸਿੰਘ, ਅਕਾਸ਼ ਮਰਵਾਹਾ, ਵਿਨੋਦ ਭੱਟੀ, ਗਿੰਨੀ ਅਰੋੜਾ, ਪੂਜਾ ਰਾਣੀ, ਵਿਸ਼ਾਲ ਅਤੇ ਸਮੂਹ ਸਫਾਈ ਸੇਵਕ ਹਾਜਰ ਸਨ।

ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ ਮੌਕੇ ਗੁਰਮਤਿ ਸਮਾਗਮ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਨਡਾਲੋਂ ਵਿਖੇ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ ਜੀ, ਸੰਤ ਬਾਬਾ ਨਿਧਾਨ ਸਿੰਘ ਜੀ ਦੇ ਅਸਥਾਨ 'ਤੇ ਸੰਤ ਬਾਬਾ ਨਿਧਾਨ ਸਿੰਘ ਦੀ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਪ੍ਰਧਾਨ ਨੰਬਰਦਾਰ ਜਥੇਦਾਰ ਸੁਖਵਿੰਦਰ ਸਿੰਘ ਬਿੱਲਾ ਨੇ ਦੱਸਿਆ ਕਿ 49 ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਬਾਬਾ ਸਤਨਾਮ ਸਿੰਘ ਹੈੱਡ ਗ੍ਰੰਥੀ, ਸੰਤ ਬਾਬਾ ਗੁਰਚਰਨ ਸਿੰਘ ਬੱਡੋਂ, ਜਥੇਦਾਰ ਬਾਬਾ ਸਵਰਨਜੀਤ ਸਿੰਘ ਬੰਗਾ, ਭਾਈ ਸ਼ੌਕੀਨ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਸਵੀਰ ਸਿੰਘ ਮੋਹਲਕੇ ਢਾਡੀ ਜੱਥਾ, ਭਾਈ ਕਰਮ ਸਿੰਘ ਜਲੰਧਰ, ਬਾਬਾ ਪਿਆਰਾ ਸਿੰਘ ਸਿਰਥਲੇ ਵਾਲੇ, ਬੀਬੀ ਅਮਨਦੀਪ ਕੌਰ ਇੰਟਰਨੈਸ਼ਨਲ ਢਾਡੀ ਜੱਥਾ, ਬੀਬੀ ਰਾਜਵੰਤ ਕੌਰ ਢਾਡੀ ਜੱਥਾ ਸ੍ਰੀ ਫਤਹਿਗੜ੍ਹ ਸਾਹਿਬ, ਗਿਆਨੀ ਜਸਵੀਰ ਸਿੰਘ ਖੜਗ ਕਥਾ ਵਾਚਕ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੌਰਾਨ ਖੂਨਦਾਨ ਕੈਂਪ ਲਗਾਇਆ ਗਿਆ ਤੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ। ਅੰਮ੍ਰਿਤ ਅਭਿਲਾਖੀਆਂ ਨੂੰ ਗੁਰਦੁਆਰਾ ਸਾਹਿਬ ਵੱਲੋਂ ਕਕਾਰ ਮੁਫਤ ਦਿੱਤੇ ਗਏ । ਇਸ ਮੌਕੇ ਸਤਪਾਲ ਸਿੰਘ, ਗੁਰਮੁੱਖ ਸਿੰਘ, ਜਸਵਿੰਦਰ ਸਿੰਘ, ਬਾਬਾ ਸਤਨਾਮ ਸਿੰਘ ਹੈੱਡ ਗ੍ਰੰਥੀ, ਦਲਜੀਤ ਸਿੰਘ, ਜਸਵਿੰਦਰ ਸਿੰਘ, ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਗੁਰਪਾਲ ਸਿੰਘ ਪਰਮਾਰ, ਮਨਵੀਰ ਸਿੰਘ ਮਾਹਿਲਪੁਰ, ਹਰਮਨ ਸਿੰਘ, ਸਰਪੰਚ ਅਛਰਜੀਤ ਸਿੰਘ, ਬਲਵੰਤ ਸਿੰਘ, ਗੁਰਪ੍ਰੀਤ ਸਿੰਘ ਬਲਵੀਰ ਸਿੰਘ, ਭੁਪਿੰਦਰ ਸਿੰਘ, ਕਮਲਰਾਜ ਸਿੰਘ, ਸਤਪਾਲ ਸਿੰਘ, ਡਾਕਟਰ ਸੁਰਿੰਦਰ ਪਾਲ ਸਿੰਘ ਈਸਪੁਰ, ਉਮ ਪ੍ਰਕਾਸ਼, ਕਮਲਜੀਤ ਸਿੰਘ, ਮਾਸਟਰ ਬੁੱਧ ਸਿੰਘ ਆਦਿ ਹਾਜਰ ਸਨ।

ਹੁਸ਼ਿਆਰਪੁਰ-ਟਾਂਡਾ ਟ੍ਰੈਕ ਵਿਛਣ ਨਾਲ ਹੋਵੇਗਾ ਸਰਬਪੱਖੀ ਵਿਕਾਸ- ਅਸ਼ਵਨੀ ਗੌਂਦ

ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)— ਕੇਂਦਰੀ ਬਜਟ ਵਿੱਚ ਹੁਸ਼ਿਆਰਪੁਰ ਤੋਂ ਟਾਂਡਾ ਦੇ ਵਿੱਚ ਕਰੀਬ 34 ਕਿਲੋਮੀਟਰ ਰੇਲਵੇ ਟਰੈਕ ਵਿਛਣ ਨਾਲ ਹੁਸ਼ਿਆਰਪੁਰ ਦਾ ਹੋਵੇਗਾ ਸਰਵਪੱਖੀ ਵਿਕਾਸ, ਉਕਤ ਗੱਲ ਨਈ ਸੋਚ ਵੈਲਫੇਅਰ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੌਂਦ ਨੇ ਕੇਂਦਰੀ ਮੰਤਰੀ ਸੋਮਪ੍ਰਕਾਸ਼, ਸਾਬਕਾ ਕੈਬਿਨੇਟ ਮੰਤਰੀ ਤੀਕਸ਼ਨ ਸੂਦ ਅਤੇ ਜ਼ਿਲ੍ਹਾ ਪ੍ਰਧਾਨ ਨਿਪੁਣ ਸ਼ਰਮਾ ਅਤੇ ਮਹਾਂਮੰਤਰੀ ਸੁਰੇਸ਼ ਭਾਟੀਆ ਬਿੱਟੂ ਦਾ ਧੰਨਵਾਦ ਕਰਦੇ ਹੋਏ ਕਹੀ। ਉਨਾਂ ਨੇ ਦੱਸਿਆ ਕਿ ਇਨਾਂ ਦੇ ਯਤਨਾਂ ਨਾਲ ਹੀ 118 ਸਾਲਾਂ ਬਾਦ ਹੁਸ਼ਿਆਰਪੁਰ ਤੋਂ ਰੇਲਵੇ ਲਾਈਨ ਦੇ ਵਿਸਥਾਰ ਦੇ ਲਈ ਕੇਂਦਰੀ ਬਜਟ ਵਿੱਚ ਸਰਵੇ ਦੇ ਲਈ 84 ਲੱਖ ਜਾਰੀ ਹੋਣਾ ਅਤੇ 3 ਮਹੀਨੇ ਵਿੱਚ ਰਿਪੋਰਟ ਮੰਗਣਾ ਕੇਂਦਰੀ ਸਰਕਾਰ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਟਰੈਕ ਬਣਨ 'ਤੇ ਕਸ਼ਮੀਰ ਤੋਂ ਕਨਿਆਕੁਮਾਰੀ ਤੱਕ ਦੇ ਲਈ ਟ੍ਰੇਨ ਉਪਲੱਬਧ ਹੋਣ 'ਤੇ ਹੁਸ਼ਿਆਰਪੁਰ ਦੇਸ਼ ਦੇ ਸੇਧ ਚਿੱਤਰ ਵਿਚ ਹੋਣਾ ਮਾਣ ਦੀ ਗੱਲ ਹੈ ਅਤੇ ਕੇਂਦਰੀ ਮੰਤਰੀ ਨੂੰ ਅਪੀਲ ਹੈ ਕਿ ਜੇ ਹੋ ਸਕੇ ਤਾਂ ਹੁਸ਼ਿਆਰਪੁਰ ਲਾਈਨ ਨੂੰ ਊਨਾ ਨਾਲ ਜੋੜ ਦਿੱਤਾ ਜਾਵੇ ਤਾਂ ਵਪਾਰ ਵਿੱਚ ਹੋਰ ਵਾਧਾ ਹੋ ਸਕਦਾ ਹੈ। ਵਪਾਰੀ ਵਰਗ ਦੀ ਕਾਫੀ ਸਮੇਂ ਤੋਂ ਮੰਗ ਵੀ ਹੈ ਕਿ ਅਤੇ ਕੇਂਦਰੀ ਮੰਤਰੀ ਨੂੰ ਬੇਨਤੀ ਹੈ ਕਿ ਫਗਵਾੜਾ ਰੋਡ 'ਤੇ ਬਣਨ ਵਾਲੇ ਰੇਲਵੇ ਫਲਾਈ ਓਵਰ ਦਾ ਦੁਬਾਰਾ ਸਰਵੈ ਕਰਵਾ ਕੇ ਬਣਾਉਣ ਦਾ ਵਿਚਾਰ ਕਰਨ ਤਾਂਕਿ ਵਪਾਰੀ ਵਰਗ ਜੋ ਕਿ ਪਹਿਲਾਂ ਤੋਂ ਹੀ ਮੰਦੇ ਦੀ ਮਾਰ ਝੱਲ ਰਿਹਾ ਹੈ, ਨੂੰ ਹੋਣ ਵਾਲੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਕਿਉਂਕਿ ਆਦਮਪੁਰ ਫਲਾਈ ਓਵਰ ਤੋਂ ਲੋਕ ਹੋਣ ਵਾਲੀ ਪ੍ਰੇਸ਼ਾਨੀ ਤੋਂ ਘਬਰਾਏ ਹੋਏ ਹਨ ਅਤੇ ਵਪਾਰੀ ਵਰਗ ਵਿੱਚ ਰੋਟੀ ਖਾਣ ਤਕ ਦੀ ਸੋਚ ਹੋਣ ਲੱਗੀ ਹੈ। ਇਸ ਮੌਕੇ 'ਤੇ ਨੀਰਜ ਗੌਂਦ, ਰਾਕੇਸ਼ ਕੁਮਾਰ, ਸੁਮਨ ਸ਼ਰਮਾ, ਸੰਜੀਵ ਮਹਿਤਾ, ਸੋਨੂੰ ਟੰਡਨ ਆਦਿ ਮੌਜੂਦ ਸਨ।

ਮੀਤ ਹੇਅਰ ਨੇ ਖੋ-ਖੋ ਖਿਡਾਰਨ ਗੁਰਵੀਰ ਕੌਰ ਨੂੰ ਏਸ਼ੀਅਨ ਚੈਂਪੀਅਨ ਬਣਨ 'ਤੇ ਦਿੱਤੀ ਮੁਬਾਰਕਬਾਦ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਦੀ ਖੋ ਖੋ ਖਿਡਾਰਨ ਗੁਰਵੀਰ ਕੌਰ ਨੂੰ ਏਸ਼ੀਅਨ ਚੈਂਪੀਅਨ ਬਣਨ ਉਤੇ ਮੁਬਾਰਕਬਾਦ ਦਿੱਤੀ ਹੈ। ਗੁਹਾਟੀ (ਅਸਾਮ) ਵਿਖੇ ਹੋਈ ਚੌਥੀ ਏਸ਼ੀਅਨ ਖੋ ਖੋ ਚੈਂਪੀਅਨਸ਼ਿਪ ਵਿੱਚ ਭਾਰਤੀ ਮਹਿਲਾ ਟੀਮ ਨੇ ਸੋਨੇ ਦਾ ਤਮਗਾ ਜਿੱਤਿਆ। ਫ਼ਾਈਨਲ ਵਿੱਚ ਭਾਰਤ ਨੇ ਨੇਪਾਲ ਨੂੰ ਇਕ ਪਾਰੀ ਤੇ 33 ਅੰਕਾਂ ਨਾਲ ਹਰਾਇਆ। ਇਸ ਤੋਂ ਪਹਿਲਾ ਸੈਮੀ ਫ਼ਾਈਨਲ ਵਿੱਚ ਭਾਰਤ ਨੇ ਬੰਗਲਾਦੇਸ਼ ਨੂੰ ਹਰਾਇਆ ਸੀ। ਮੀਤ ਹੇਅਰ ਨੇ ਭਾਰਤੀ ਮਹਿਲਾ ਖੋ ਖੋ ਟੀਮ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਵਾਲੀ ਗੁਰਵੀਰ ਕੌਰ, ਉਸ ਦੇ ਮਾਪਿਆਂ ਤੇ ਕੋਚ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ ਨਾਲ ਉਸ ਨੇ ਪੂਰੇ ਸੂਬੇ ਦਾ ਨਾਂਅ ਰੌਸ਼ਨ ਕੀਤਾ ਹੈ। ਗੁਰਵੀਰ ਕੌਰ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਬੁੱਟਰ ਸ਼ਰੀਹ ਦੀ ਰਹਿਣ ਵਾਲੀ ਹੈ।

ਖੇਡ ਮੰਤਰੀ ਨੇ ਇਸ ਹੋਣਹਾਰ ਖਿਡਾਰਨ ਨੂੰ ਭਵਿੱਖ ਲਈ ਵੀ ਸ਼ੁਭਕਾਮਨਾਵਾਂ ਦਿੱਤੀਆਂ ਹਨ। ਖੇਡ ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੇਡਾਂ ਦੇ ਖੇਤਰ ਵਿੱਚ ਪੰਜਾਬ ਦਾ ਝੰਡਾ ਮੁੜ ਬੁਲੰਦ ਕਰਨ ਲਈ ਵਿਸ਼ੇਸ਼ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਪੰਜਾਬ ਦੇ ਖੇਡ ਬਜਟ ਵਿੱਚ 55 ਫੀਸਦੀ ਵਾਧਾ ਕੀਤਾ ਗਿਆ ਹੈ। ਪੰਜਾਬ ਵਿੱਚ ਨਵੀਂ ਖੇਡ ਨੀਤੀ ਬਣਾਈ ਜਾ ਰਹੀ ਹੈ।

ਪ੍ਰਿੰ.ਪ੍ਰੇਮ ਕੁਮਾਰ ਵੱਲੋਂ ਸਿਵਲ ਲਾਈਨ ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ ਦਾ ਗਠਨ

ਫਿਲੌਰ (ਨਿਰਮਲ)– ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਹੋਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਸ਼ਹਿਰ ਨਿਵਾਸੀਆਂ ਨੇ ਭਾਗ ਲਿਆ ਅਤੇ ਇੱਕ ਸੰਸਥਾ ਦਾ ਗਠਨ ਕੀਤਾ ਗਿਆ ਹੈ ਜੋ ਖਾਸ ਤੌਰ 'ਤੇ ਫਿਲੌਰ ਦੇ ਉਨ੍ਹਾਂ ਵਸਨੀਕਾਂ ਲਈ ਬਣਾਈ ਗਈ ਹੈ ਜੋ ਪ੍ਰੋਬੇਨਸਨਲ ਗੌਰਮਿੰਟ ਦੀਆਂ ਜਾਇਦਾਦਾਂ ਵਿੱਚ ਰਹਿ ਰਹੇ ਹਨ ਅਤੇ ਉਸ ਵਿੱਚ ਕਾਰੋਬਾਰ ਕਰ ਰਹੇ ਹਨ ਜਿਨ੍ਹਾਂ ਨੂੰ ਹਰ ਵਕਤ ਕਮੇਟੀ, ਦਫਤਰ ਜਾਂ ਹਾਈਕੋਰਟ ਵਿੱਚ ਚੱਲਦੀ ਪਟੀਸ਼ਨ ਦਾ ਖਤਰਾ ਲੱਗਾ ਰਹਿੰਦਾ ਹੈ। ਜਿਸ ਨੂੰ ਆਮ ਆਦਮੀ ਪਾਰਟੀ ਨੇ ਆਪਣਾ ਫਰਜ ਸਮਝਦਿਆਂ ਫਿਲੌਰ ਲੱਕੜ ਮੰਡੀ ਅਤੇ ਪੁਰਾਣਾ ਨਵਾਂਸ਼ਹਿਰ ਰੋਡ, ਟੈਕਸੀ ਸਟੈਂਡ ਵਗੈਰਾ ਵਾਲੀਆਂ ਸਾਰੀਆਂ ਜਾਇਦਾਦਾਂ ਦੇ ਵਿੱਚ ਰਹਿਣ ਵਾਲੇ ਲੋਕਾਂ ਦੀ